# ਮਿਸ਼ਨ 100% ਤਹਿਤ ਐਸ.ਸੀ.ਈ.ਆਰ.ਟੀ ਦੀ ਪਹਿਲਕਦਮੀ

## ਹੱਲ ਕੀਤੀ ਮਹੱਤਵਪੂਰਨ ਅਧਿਐਨ ਸਮਗਰੀ

**2024-25**
**ਜਮਾਤ : 10ਵੀਂ**

## ਪੰਜਾਬੀ

## ਵਿਸ਼ਾ-ਪੰਜਾਬੀ

**ਪ੍ਰਸ਼ਨ 1. ਸੁੰਦਰ ਲਿਖਾਈ (ਇਹ ਅੰਕ ਸਾਰੇ ਪ੍ਰਸ਼ਨਾਂ ਦੇ ਉਤਰ ਦੇਣ ਲਈ ਕੀਤੀ ਲਿਖਾਈ ਨੂੰ ਦੇਖ ਕੇ ਦਿੱਤੇ ਜਾਣਗੇ) ਅੰਕ - 5**

**ਪ੍ਰਸ਼ਨ 2. ਵਸਤੂਨਿਸ਼ਠ ਪ੍ਰਸ਼ਨ (ਇਹਨਾਂ ਦੀ ਤਿਆਰੀ ਸਾਰੇ ਪਾਠਕ੍ਰਮ ਵਿੱਚੋਂ ਕਰਨੀ ਹੈ) ਅੰਕ - 20**

- **ਕੁਲਫ਼ੀ ਕਹਾਣੀ ਕਿਸ ਲੇਖਕ ਦੀ ਰਚਨਾ ਹੈ?** ਸੁਜਾਨ ਸਿੰਘ
- **ਰਸ਼ੀਦ ਦਾ ਪੁੱਤਰ ਅਸਲਮ ਕਿੱਥੇ ਰਹਿੰਦਾ ਸੀ?** ਅਮਰੀਕਾ
- **ਵੀਰਾਂ ਵਾਲੀ ਵਜ਼ੀਰੇ ਦੀ ਕੀ ਲੱਗਦੀ ਸੀ?** ਮਾਂ
- **ਬੰਤੇ ਦੇ ਕਿੰਨੇ ਮੁੰਡੇ ਅਤੇ ਕਿੰਨੀਆਂ ਕੁੜੀਆਂ ਸਨ?** ਇੱਕ ਮੁੰਡਾ ਅਤੇ ਦੋ ਕੁੜੀਆਂ
- **ਬੰਤੇ ਦੇ ਵਾਲ਼ ਕਿਸਨੇ ਕਟਵਾ ਦਿੱਤੇ ਸਨ?** ਵੱਡੇ ਮਾਮੇ ਨੇ।
- **ਮਨਜੀਤ ਦਾ ਪਤੀ ਕੌਣ ਸੀ?** ਸੁਖਦੇਵ।
- **ਬੰਤੇ ਨੂੰ ਆਪਣੀ ਕਿਹੜੀ ਮਾਮੀ ਚੰਗੀ ਲੱਗਦੀ ਸੀ?** ਸਭ ਤੋਂ ਛੋਟੀ ਮਾਮੀ।
- **ਬਾਬਾ ਰਾਮ ਸਿੰਘ ਦੇ ਪੈਰੋਕਾਰ ਕੀ ਅਖਵਾਉਂਦੇ ਸਨ?** ਨਾਮਧਾਰੀ ਜਾਂ ਕੂਕੇ।
- **ਰਸ਼ੀਦ ਕਿੱਥੇ ਨੌਕਰੀ ਕਰਦਾ ਸੀ?** ਦਿੱਲੀ ਦੇ ਦਫ਼ਤਰ ਵਿੱਚ।
- **ਅਮੀਰ ਘਰਾਂ ਵਿੱਚ ਕਿਨ੍ਹਾਂ ਦੀ ਸਿਹਤ ਠੀਕ ਰਹਿੰਦੀ ਹੈ?** ਨੌਕਰਾਂ ਦੀ।
- **'ਜ਼ਫਰਨਾਮਾ' ਇਕਾਂਗੀ ਦੇ ਲੇਖਕ ਦਾ ਨਾਂ ਕੀ ਹੈ?** ਹਰਚਰਨ ਸਿੰਘ।
- **ਬੰਤਾ ਪੜ੍ਹਨ ਤੋਂ ਕਿਉਂ ਹਟ ਗਿਆ ਸੀ?** ਬਾਪ ਦੀ ਮੌਤ ਹੋਣ ਕਾਰਨ।
- **ਦਿਆਲੇ ਦੀ ਘਰਵਾਲੀ ਕਿੱਥੇ ਗਈ ਹੋਈ ਸੀ?** ਪੇਕੇ ਘਰ।
- **ਪੂਰਨ ਦਾ ਜਨਮ ਕਿੱਥੇ ਹੋਇਆ?** ਸਿਆਲਕੋਟ ਵਿੱਚ।
- **ਭਾਈ ਗੁਰਦਾਸ ਜੀ ਦੀ ਇੱਕ ਕਵਿਤਾ ਦਾ ਨਾਂ ਲਿਖੋ?** ਦੇਖਿ ਪਰਾਈਆ ਚੰਗੀਆ।
- **ਸਿੱਖਾਂ ਦੀ ਅਰਦਾਸ ਵਿੱਚ ਕਿਸ ਚੀਜ਼ ਦੀ ਮੰਗ ਹੁੰਦੀ ਹੈ?** ਸਰਬੱਤ ਦੇ ਭਲੇ ਦੀ।
- **ਲੇਖਕ ਦੇ ਦਾਦੇ ਕਿੰਨੇ ਭਰਾ ਸਨ?** ਚਾਰ।
- **ਤੁਰਨ ਨਾਲ ਮਨ ਵਿੱਚ ਕੀ ਉਪਜਦਾ ਹੈ?** ਸਵੈ-ਵਿਸ਼ਵਾਸ।

- **ਵੀਰਾਂ ਵਾਲੀ ਕਿਸ਼ਨ ਸਿੰਘ ਦੀ ਕੀ ਲੱਗਦੀ ਸੀ?** ਭੈਣ।
- **ਬਾਬਰ ਨੇ ਕਿਸ ਅੱਗੇ ਸਿਰ ਝੁਕਾਇਆ ਸੀ?** ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ।
- **'ਸਮੁੰਦਰੋਂ ਪਾਰ' ਇਕਾਂਗੀ ਦੇ ਅੰਤ ਵਿੱਚ ਗੋਲੀ ਕਿਸਦੇ ਵੱਜਦੀ ਹੈ?** ਸੁਖਦੇਵ ਬਾਜਵਾ ਦੇ।
- **'ਬੰਮ ਬਹਾਦਰ' ਕਹਾਣੀ ਵਿੱਚ ਮਹੰਤ ਕੌਣ ਹੈ?** ਮਾਤਾਦੀਨ।
- **ਅਮਰੀਕ ਅਨੁਸਾਰ ਪਿਓ ਕਿਹੋ-ਜਿਹੇ ਹੋਣੇ ਚਾਹੀਦੇ ਹਨ?** ਚਿੱਟੀ ਦਾੜ੍ਹੀ ਵਾਲ਼ੇ।
- **ਨਾਵਲ ਦਾ ਨਾਇਕ ਰਿਕਸ਼ੇ ਦੇ ਪਹੀਏ ਦੀ ਤੁਲਨਾ ਕਿਸ ਚੀਜ਼ ਨਾਲ਼ ਕਰਦਾ ਹੈ?** ਜ਼ਿੰਦਗੀ ਨਾਲ਼।
- **ਬੰਤੇ ਨੇ ਕਰਜ਼ਾ ਕਿਸ ਕੰਮ ਲਈ ਲਿਆ ਸੀ?** ਭੈਣਾਂ ਦੇ ਵਿਆਹ ਲਈ।
- **ਮਿਰਜ਼ੇ ਦੀ ਤਰਕਸ਼ ਵਿੱਚ ਕਿੰਨੇ ਤੀਰ ਸਨ?** 300 (ਤਿੰਨ ਸੌ)।
- **ਖੱਦਰ-ਪੋਸ਼ ਬੀਬੀ ਕੌਣ ਸੀ?** ਸ਼ਰਨ ਕੌਰ।
- **ਠੱਠੀਖਾਰਾ ਪਿੰਡ ਕਿੱਥੇ ਹੈ?** ਅਮ੍ਰਿਤਸਰ ਦੇ ਨੇੜੇ।
- **ਹਰਦੇਵ ਬਾਜਵਾ ਦੇ ਛੋਟੇ ਭਰਾ ਦਾ ਨਾਂ ਕੀ ਹੈ?** ਸੁਖਦੇਵ ਬਾਜਵਾ।
- **ਤਾਨਪੁਰੇ ਵਾਲ਼ੀ ਕੁੜੀ ਜਲੰਧਰ ਕੀ ਕਰਨ ਗਈ ਸੀ?** ਰੇਡਿਓ ਸਟੇਸ਼ਨ 'ਤੇ ਪ੍ਰੋਗਰਾਮ ਦੇਣ।
- **ਗੁਰੂ ਨਾਨਕ ਦੇਵ ਜੀ ਨੇ ਕਿਹੜੇ ਧਰਮ ਦੀ ਨੀਂਹ ਰੱਖੀ?** ਸਿੱਖ ਧਰਮ ਦੀ।
- **'ਚੰਡੀ ਦੀ ਵਾਰ' ਦੀ ਨਾਇਕਾ ਕੌਣ ਹੈ?** ਦੁਰਗਾ ਦੇਵੀ।
- **ਗੁਰਬਖਸ਼ ਸਿੰਘ ਅਨੁਸਾਰ ਜਵਾਨੀ ਤੇ ਬੁਢਾਪੇ ਨਾਲ਼ੋਂ ਕਿਹੜਾ ਸਮਾਂ ਕੀਮਤੀ ਹੈ?** ਬਚਪਨ ਦਾ।
- **'ਕੁਲਫ਼ੀ' ਕਹਾਣੀ ਦੀ ਘਟਨਾ ਕਿਹੜੀ ਮਹੀਨੇ ਵਿੱਚ ਵਾਪਰਦੀ ਹੈ?** ਜੂਨ ਮਹੀਨੇ ਵਿੱਚ।
- **ਵਜ਼ੀਰਾ ਵੀਰਾਂ ਵਾਲੀ ਦਾ ਕੀ ਲੱਗਦਾ ਹੈ?** ਪੁੱਤਰ।
- **ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਨੇ ਲਿਖਿਆ?** ਸ੍ਰੀ ਗੁਰੂ ਗੋਬਿੰਦ ਸਿੰਘ ਨੇ।
- **ਬੰਤਾ ਕੀ ਕੰਮ ਕਰਦਾ ਹੈ?** ਰਿਕਸ਼ਾ ਚਾਲਕ ਹੈ।
- **ਗੁਰਬਖਸ਼ ਸਿੰਘ ਦੇ ਇਕ ਲੇਖ ਦਾ ਨਾਂ ਦੱਸੋ?** ਬੋਲੀ।
- **ਪੱਛਮ ਵਾਲ਼ਿਆਂ ਨੇ ਕਾਲੀਦਾਸ ਨੂੰ ਕੀ ਕਿਹਾ ਹੈ?** ਹਿੰਦੁਸਤਾਨ ਦਾ ਸ਼ੈਕਸਪੀਅਰ।
- **'ਇੱਕ ਪੈਰ ਘੱਟ ਤੁਰਨਾ' ਕਹਾਣੀ ਦੇ ਕਹਾਣੀਕਾਰ ਦਾ ਨਾਂ ਕੀ ਹੈ?** ਅਜੀਤ ਕੌਰ।
- **'ਧਰਤੀ ਹੇਠਲਾ ਬਲਦ' ਕਹਾਣੀ ਦੇ ਕਿਹੜੇ ਪਾਤਰ ਦੀ ਜੀਭ ਵਿੱਚ ਬਹੁਤ ਰਸ ਸੀ?** ਫ਼ੌਜੀ ਕਰਮ ਸਿੰਘ।
- **'ਇੱਕ ਨੌਜਵਾਨ ਪੁੱਤਰ' ਕਿਸ ਇਕਾਂਗੀ ਦਾ ਪਾਤਰ ਹੈ?** ਨਾਇਕ ਇਕਾਂਗੀ।
- **ਨਿਹਾਲ ਕੌਰ ਆਪਣੀ ਨੂੰਹ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ?** ਆਪਣੇ ਪੁੱਤਰ ਦੇ ਦੂਜੇ ਵਿਆਹ ਦਾ।
- **ਨਾਵਲ 'ਇਕ ਹੋਰ ਨਵਾਂ ਸਾਲ' ਦੇ ਕਿੰਨੇ ਕਾਂਡ ਹਨ?** ਤਿੰਨ (ਸਵੇਰ, ਦੁਪਹਿਰ, ਸ਼ਾਮ)।
- **ਫੁੰਮਣ ਆਪਣੇ ਪਿਤਾ ਬੰਤੇ ਤੋਂ ਕਿਹੜਾ ਪਾਠ ਪੜ੍ਹਨਾ ਚਾਹੁੰਦਾ ਸੀ?** ਆਪਣਾ ਦੇਸ।
- **ਪੰਜਾਬੀ ਸੂਫ਼ੀ-ਕਵਿ ਦਾ ਮੋਢੀ ਕੌਣ ਹੈ?** ਬਾਬਾ ਫ਼ਰੀਦ ਜੀ।
- **ਪੀਲੂ ਨੇ ਕਿਹੜਾ ਕਿੱਸਾ ਲਿਖਿਆ?** ਮਿਰਜ਼ਾ-ਸਾਹਿਬਾਂ।
- **ਸੁਕਰਾਤ ਨੇ ਸ਼ਰਬਤ ਵਾਂਗ ਕੀ ਪੀਤਾ?** ਜ਼ਹਿਰ।
- **ਮਨੁੱਖ ਦੇ ਪਿਆਰ ਦੀਆਂ ਸੱਧਰਾਂ ਕਿੱਥੇ ਪਲਦੀਆਂ ਹਨ?** ਘਰ ਵਿੱਚ।
- **'ਅੰਗ-ਸੰਗ' ਕਹਾਣੀ ਦੀਆਂ ਘਟਨਾਵਾਂ ਕਿਹੋ-ਜਿਹੀ ਰਾਤ ਵਿੱਚ ਵਾਪਰਦੀਆਂ ਹਨ?** ਘੁੱਪ ਹਨੇਰੀ ਰਾਤ ਵਿੱਚ।

- **ਮਾਸੀ ਪਾਕਿਸਤਾਨੋਂ ਕਿਸ ਥਾਂ ਤੋਂ ਆਈ ਸੀ?** ਰਾਵਲਪਿੰਡੀ।
- **'ਦੂਜਾ ਵਿਆਹ' ਇਕਾਂਗੀ ਦਾ ਲੇਖਕ ਕੌਣ ਹੈ?** ਪ੍ਰਿੰ. ਸੰਤ ਸਿੰਘ ਸੇਖੋਂ।
- **'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਦਾ ਲੇਖਕ ਕੌਣ ਹੈ?** ਸ਼ਾਹ ਮੁਹੰਮਦ।
- **ਸ਼ਾਹ ਹੁਸੈਨ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ?** ਇਸ਼ਕ ਹਕੀਕੀ।
- **'ਬਾਬਾ ਰਾਮ ਸਿੰਘ ਕੂਕਾ' ਲੇਖ ਕਿਸਦੀ ਰਚਨਾ ਹੈ?** ਸ. ਕਪੂਰ ਸਿੰਘ।
- **ਮਾਸੀ ਦੇ ਇੰਗਲੈਂਡ ਵਿੱਚ ਰਹਿੰਦੇ ਪੁੱਤਰ ਦਾ ਨਾਂ ਦੱਸੋ?** ਬਲਵੰਤ ਰਾਏ।
- **ਗੁਰੂ ਤੇਗ਼ ਬਹਾਦਰ ਜੀ ਦੇ ਕਤਲ ਦਾ ਹੁਕਮ ਕਿਸਨੇ ਦਿੱਤਾ ਸੀ?** ਔਰੰਗਜ਼ੇਬ ਨੇ।
- **ਬਚਪਨ ਵਿੱਚ ਬੰਤਾ ਕਿਸ ਕੋਲ਼ੋਂ ਬਾਤਾਂ ਸੁਣਕੇ ਆਨੰਦ ਲੈਂਦਾ ਸੀ?** ਬੇਬੇ ਕੋਲ਼ੋਂ।
- **ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ਼ ਕਿਹੜੀ ਧੁੰਦ ਮਿਟ ਗਈ?** ਅਗਿਆਨਤਾ ਦੀ।
- **ਪਿਆਰ, ਹਮਦਰਦੀ, ਕੁਰਬਾਨੀ ਤੇ ਸੇਵਾ ਆਦਿ ਗੁਣ ਕਿੱਥੇ ਸਿੱਖੇ ਜਾ ਸਕਦੇ ਹਨ?** ਘਰ ਵਿੱਚ।
- **ਮਨਜੀਤ ਨਿਹਾਲ ਕੌਰ ਦੀ ਕੀ ਲੱਗਦੀ ਹੈ?** ਨੂੰਹ।
- **ਥਾਣੇਦਾਰ ਵਜ਼ੀਰੇ ਨੂੰ ਕਿਹੜੇ ਬੰਬ ਬਣਾਉਣ ਵਾਲ਼ਾ ਸਮਝਦਾ ਹੈ?** ਕੈਮੀਕਲ ਬੰਬ।
- **ਬੰਤਾ ਤਾਰੋ ਨੂੰ ਸਵੇਰੇ-ਸਵੇਰੇ ਕਿਹੜੀ ਚਾਹ ਪੀਣ ਲਈ ਕਹਿੰਦਾ ਹੈ?** ਬੈੱਡ-ਟੀ।
- **'ਸੋ ਕਿਉਂ ਮੰਦਾ ਆਖੀਐ' ਸ਼ਬਦ ਵਿੱਚ ਕਿਸਦੀ ਮਹਾਨਤਾ ਦੱਸੀ ਗਈ ਹੈ?** ਇਸਤਰੀ ਦੀ।
- **ਭਰਾਵਾਂ ਨੇ ਰਾਂਝੇ ਨੂੰ ਕਿਹੋ-ਜਿਹੀ ਜ਼ਮੀਨ ਦਿੱਤੀ?** ਬੰਜਰ।
- **'ਨਾਇਕ' ਇਕਾਂਗੀ ਵਿੱਚ ਪਿਤਾ ਕਿੰਨੇ ਰੂਪਾਂ ਵਿੱਚ ਪੇਸ਼ ਹੁੰਦਾ ਹੈ?** ਤਿੰਨ (ਪਿਤਾ, ਇੰਟਰਵਿਊ ਲੈਣ ਵਾਲ਼ਾ, ਜੱਜ)।
- **ਨਾਵਲ 'ਇਕ ਹੋਰ ਨਵਾਂ ਸਾਲ' ਦਾ ਮੁੱਖ ਪਾਤਰ ਕੌਣ ਹੈ?** ਬੰਤਾ।
- **ਬਾਬਾ ਫ਼ਰੀਦ ਅਨੁਸਾਰ ਰੱਬ ਕਿੱਥੇ ਵਸਦਾ ਹੈ?** ਮਨੁੱਖ ਦੇ ਹਿਰਦੇ ਵਿੱਚ।
- **ਬੁਲ੍ਹੇ ਨਾਲ਼ੋਂ ਚੰਗਾ ਕਿਸਨੂੰ ਕਿਹਾ ਜਾਂਦਾ ਹੈ?** ਚੁੱਲ੍ਹੇ ਨੂੰ।
- **'ਤੁਰਨ ਦਾ ਹੁਨਰ' ਲੇਖ ਦਾ ਲੇਖਕ ਕੌਣ ਹੈ?** ਨਰਿੰਦਰ ਸਿੰਘ ਕਪੂਰ।
- **ਰਸ਼ੀਦ ਦੀ ਪਤਨੀ ਦਾ ਨਾਂ ਕੀ ਸੀ?** ਫ਼ਰੀਦਾ।
- **ਮਾਨ ਸਿੰਘ ਕਿੱਥੋਂ ਛੁੱਟੀ ਲੈ ਕੇ ਆਇਆ ਸੀ?** ਫ਼ੌਜ ਵਿੱਚੋਂ।
- **'ਇੱਕ ਹੋਰ ਨਵਾਂ ਸਾਲ' ਦਾ ਲੇਖਕ ਕੌਣ ਹੈ?** ਨਰਿੰਜਨ ਤਸਨੀਮ।
- **ਫ਼ਰੀਦ ਜੀ ਅਨੁਸਾਰ ਕਿਸੇ ਦੇ ਔਗੁਣ ਫਿਰੋਲਣ ਤੋਂ ਪਹਿਲਾਂ ਕਿਧਰ ਵੇਖ ਲੈਣਾ ਚਾਹੀਦਾ ਹੈ?** ਆਪਣੇ ਔਗੁਣਾਂ ਵੱਲ।
- **ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਕਿੱਥੇ ਮੁੜ ਆਉਣ ਨੂੰ ਜੀ ਕਰਦਾ ਹੈ?** ਆਪਣੇ ਘਰ ਵਿੱਚ।
- **'ਸਮੁੰਦਰੋਂ ਪਾਰ' ਇਕਾਂਗੀ 'ਚ ਕਿਹੜਾ ਪਾਤਰ ਘਟੀਆ ਆਚਰਨ ਦਾ ਮਾਲਕ ਹੈ?** ਹਰਦੇਵ ਬਾਜਵਾ।
- **ਵਜ਼ੀਰਾ ਘਰੋਂ ਕਿਹੜੇ ਸੰਦ ਲੈ ਕੇ ਗਿਆ ਸੀ?** ਤੇਸਾ ਤੇ ਆਰੀ।
- **ਅੰਗ-ਸੰਗ ਕਹਾਣੀ ਦਾ ਲੇਖਕ ਕੌਣ ਹੈ?** ਵਰਿਆਮ ਸੰਧੂ।
- **ਫ਼ਰੀਦ ਜੀ ਕਿਸੇ ਨਾਲ਼ ਕਿਹੋ-ਜਿਹਾ ਬੋਲ ਬੋਲਣ ਤੋਂ ਵਰਜਦੇ ਹਨ?** ਫਿੱਕਾ।
- **ਬਲਵੰਤ ਰਾਏ ਕਿਹੜੇ ਦਿਨ ਨੂੰ ਆਪਣੇ ਲਈ ਸੁਰਗ ਸਮਝਦਾ ਸੀ?** ਐਤਵਾਰ ਨੂੰ।
- **ਗੁਰੂ ਅਮਰਦਾਸ ਜੀ ਦੀ ਬਾਣੀ ਦਾ ਨਾਂ ਲਿਖੋ?** ਅਨੰਦ ਭਇਆ ਮੇਰੀ ਮਾਏ।
- **ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿੱਧ ਵਾਰ ਕਿਹੜੀ ਹੈ?** ਚੰਡੀ ਦੀ ਵਾਰ।

- **ਪੁੱਤਰ ਸਿਫ਼ਾਰਿਸ਼ ਦੇ ਹੱਕ ਵਿੱਚ ਹੈ ਜਾਂ ਨਹੀਂ।** ਨਹੀਂ।
- **ਰਬਾਬੀ ਦਾ ਨਾਂ ਕੀ ਸੀ?** ਫ਼ਰਹਿੰਦਾ।
- **ਰਾਜੇ ਮਹਾਰਾਜੇ ਕਿਸ ਤੋਂ ਜਨਮ ਲੈਂਦੇ ਹਨ?** ਇਸਤਰੀ ਤੋਂ।
- **ਬੰਦੇ ਦੇ ਕੰਮ ਆਉਣ ਵਾਲ਼ੀ ਅਸਲ ਜਾਇਦਾਦ ਕਿੰਨੀ ਕੁ ਹੈ?** ਸਾਢੇ ਤਿੰਨ ਹੱਥ।
- **ਵੀਰਾਂ ਵਾਲੀ ਕਿਸ਼ਨ ਸਿੰਘ ਦੀ ਕੀ ਲੱਗਦੀ ਸੀ?** ਭੈਣ।
- **'ਗਗਨ ਮੈਂ ਥਾਲੁ' ਬਾਣੀ ਵਿੱਚ ਕਿਸਦੀ ਆਰਤੀ ਉਤਾਰੀ ਜਾ ਰਹੀ ਹੈ?** ਭਵਖੰਡਨਾ ਦੀ (ਪਰਮਾਤਮਾ ਦੀ)।
- **'ਇਸ਼ਕ ਦੀ ਨਵੀਉਂ ਨਵੀਂ ਬਹਾਰ' ਕਵਿਤਾ ਵਿੱਚ ਕਵੀ ਕਿਸਦੇ ਵਿਰੁੱਧ ਅਵਾਜ਼ ਉਠਾਉਂਦਾ ਹੈ?** ਧਾਰਮਿਕ ਕਰਮ ਕਾਂਡ ਵਿਰੁੱਧ।
- **ਰੰਗੜ ਨਾਲ਼ੋਂ ਚੰਗਾ ਕਿਸਨੂੰ ਕਿਹਾ ਗਿਆ ਹੈ?** ਖਿੰਗਰ ਨੂੰ।
- **'ਦੁਰਗਾ ਪਾਠ' ਕਿਹੜੀ ਰਚਨਾ ਨੂੰ ਕਿਹਾ ਗਿਆ ਹੈ?** ਚੰਡੀ ਦੀ ਵਾਰ।
- **ਗੁਰੂ ਨਾਨਕ ਦੇਵ ਜੀ ਦਾ ਸਾਥੀ ਕੌਣ ਸੀ?** ਭਾਈ ਮਰਦਾਨਾ ਜੀ।
- **ਰਬਾਬ ਖ਼ਰੀਦਣ ਲਈ ਮਰਦਾਨੇ ਨੇ ਬੀਬੀ ਨਾਨਕੀ ਤੋਂ ਕਿੰਨੇ ਪੈਸੇ ਲਏ?** ਸੱਤ ਰੁਪਏ।
- **ਮਿਰਜ਼ਾ ਸਾਹਿਬਾਂ ਕਿੱਥੇ ਪੜ੍ਹਦੇ ਸਨ?** ਮਸੀਤ ਵਿੱਚ।
- **ਮਾਸੀ ਨੇ ਮੰਦਰ ਵਿੱਚ ਕੀ ਕੀਤਾ?** ਭਜਨ ਗਾਏ।
- **ਜ਼ੀਨਤ-ਉਨ-ਨਿਸਾ ਔਰੰਗਜ਼ੇਬ ਦੀ ਕੀ ਲੱਗਦੀ ਸੀ?** ਪੁੱਤਰੀ।
- **ਔਰੰਗਜ਼ੇਬ ਦੀ ਬੇਗ਼ਮ ਦਾ ਨਾਂ ਕੀ ਸੀ?** ਬੇਗ਼ਮ ਉਦੈਪੁਰੀ।
- **ਪੁੱਤਰ ਨੇ ਮੈਟ੍ਰਿਕ ਤੇ ਬੀ.ਏ. ਕਿਹੜੀ ਡਿਵੀਜ਼ਨ ਵਿੱਚ ਪਾਸ ਕੀਤੀ ਹੈ?** ਫ਼ਸਟ।
- **'ਏ ਸਰੀਰਾ ਮੇਰਿਆ' ਬਾਣੀ ਕਿਸਦੀ ਹੈ?** ਸ੍ਰੀ ਗੁਰੂ ਅਮਰਦਾਸ ਜੀ।
- **ਫ਼ਰੀਦ ਜੀ ਅਨੁਸਾਰ ਸਭ ਦੇ ਹਿਰਦਿਆਂ ਵਿੱਚ ਕੌਣ ਵਸਦਾ ਹੈ?** ਪਰਮਾਤਮਾ।
- **ਗੁਰੂ ਨਾਨਕ ਦੇਵ ਜੀ ਕਿਸ ਯੁੱਗ ਵਿੱਚ ਪ੍ਰਗਟ ਹੋਏ?** ਕਲਯੁੱਗ ਵਿੱਚ।
- **ਖੀਵੇ ਖ਼ਾਨ ਦੀ ਧੀ ਦਾ ਨਾਂ ਕੀ ਸੀ?** ਸਾਹਿਬਾਂ।
- **ਮਾਸੀ ਦਾ ਕੱਦ ਕਿੰਨਾ ਸੀ?** ਪੰਜ ਫੁੱਟ ਚਾਰ ਇੰਚ।
- **ਬੋਲੀ ਲੇਖ ਦਾ ਲੇਖਕ ਕਿਹੜੀ ਚੀਜ਼ ਦੀ ਭੁੱਖ ਪੈਦਾ ਕਰਨ ਲਈ ਕਹਿੰਦਾ ਹੈ?** ਲਫ਼ਜ਼ਾਂ ਦੀ।
- **ਕਹਾਣੀ ਵਿੱਚ ਧਰਤੀ ਹੇਠਲਾ ਬਲਦ ਕਿਸਨੂੰ ਕਿਹਾ ਗਿਆ ਹੈ?** ਫ਼ੌਜੀ ਕਰਮ ਸਿੰਘ ਦੇ ਬਾਪੂ ਨੂੰ।
- **ਲੇਖਕ ਦੇ ਦਾਦੇ ਵਿਆਹ ਵਿੱਚ ਕਿਹੜੇ ਪਿੰਡ ਗਏ?** ਛਾਪੇ ਪਿੰਡ।
- **ਕਿਸ ਧਰਮ ਵਿੱਚ ਅਰਦਾਸ ਦੀ ਖ਼ਾਸ ਅਹਿਮੀਅਤ ਹੈ?** ਸਿੱਖ ਧਰਮ ਵਿੱਚ।
- **ਲੇਖਕ ਅਨੁਸਾਰ ਆਮ ਕਰਕੇ ਸਿਆਣੇ ਤੇ ਦਿਲਚਸਪ ਕੌਣ ਹੁੰਦੇ ਹਨ?** ਅੰਨ੍ਹੇ।
- **ਲੇਖਕ ਜ਼ਿੰਦਗੀ ਦਾ ਅਸਲ ਸੋਨਾ ਕਿਸਨੂੰ ਕਹਿੰਦਾ ਹੈ?** ਅਕਲ ਨੂੰ।
- **ਗੁਰੂ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਕਿਸਦੇ ਹੱਥ ਭੇਜਿਆ?** ਭਾਈ ਦਇਆ ਸਿੰਘ।

**ਪ੍ਰਸ਼ਨ 3. ਦਿੱਤੇ ਦੋ ਕਾਵਿ-ਟੋਟਿਆਂ ਵਿੱਚੋਂ ਇੱਕ ਦੀ ਪ੍ਰਸ਼ੰਗ ਸਹਿਤ ਵਿਆਖਿਆ ਲਈ ਲੋੜੀਂਦੀ ਸਮੱਗਰੀ ਅੰਕ - 2+3=5**

**(1) ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।।**

ਪ੍ਰਸੰਗ - ਇਹ ਕਾਵਿ-ਟੋਟਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਉੱਤਮ ਬਾਣੀ 'ਜਪੁਜੀ ਸਾਹਿਬ' ਦੇ ਅੰਤ ਵਿਚ ਆਉਂਦੇ ਸਲੋਕ ਦਾ ਅੰਸ਼ ਹੈ। ਇਹ ਦਸਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿਚ 'ਪਵਣੁ ਗੁਰੂ ਪਾਣੀ ਪਿਤਾ' ਸਿਰਲੇਖ ਅਧੀਨ ਦਰਜ ਹੈ। ਇਸ ਸਲੋਕ ਵਿਚ ਗੁਰੂ ਜੀ ਨੇ ਸੰਸਾਰਿਕ ਰੰਗ-ਭੂਮੀ ਉੱਤੇ ਮਨੁੱਖ ਨੂੰ ਨੇਕ ਕੰਮ ਕਰਨ ਅਤੇ ਨਾਮ ਸਿਮਰਨ ਦੇ ਮਹੱਤਵ ਬਾਰੇ ਸਮਝਾਇਆ ਹੈ।

ਵਿਆਖਿਆ - ਗੁਰੂ ਜੀ ਫ਼ਰਮਾਉਂਦੇ ਹਨ ਕਿ ਹਵਾ ਜੀਵਾਂ ਲਈ ਗੁਰੂ ਹੈ, ਪਾਣੀ ਪਿਤਾ ਅਤੇ ਧਰਤੀ ਸਭ ਤੋਂ ਵੱਡੀ ਮਾਂ ਹੈ। ਦਿਨ ਅਤੇ ਰਾਤ ਖਿਡਾਵਾ ਤੇ ਖਿਡਾਵੀ ਹਨ, ਸਾਰਾ ਸੰਸਾਰ ਇਹਨਾ ਦੀ ਗੋਦ ਵਿਚ ਖੇਡ ਰਿਹਾ ਹੈ, ਭਾਵ ਸਾਰੇ ਜੀਵ ਰਾਤ ਨੂੰ ਸੌਣ ਵਿਚ ਅਤੇ ਦਿਨ ਕੰਮਕਾਰ ਵਿਚ ਲਾ ਕੇ ਲੰਘਾ ਰਹੇ ਹਨ।-

**(2) ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**
**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**
**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥**
**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**
**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥**

**ਪ੍ਰਸੰਗ** - ਇਹ ਕਾਵਿ-ਟੋਟਾ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਵਿੱਚੋਂ ਲਿਆ ਗਿਆ ਹੈ। ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਆਨੰਦ ਭਇਆ ਮੇਰੀ ਮਾਏ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਗੁਰੂ ਸਾਹਿਬ ਦੱਸਦੇ ਹਨ ਕਿ ਜੀਵ ਆਪਣੀ ਸਾਰੀ ਉਮਰ ਮੋਹ ਮਾਇਆ ਦੇ ਹੱਥਾਂ ਵਿੱਚ ਨੱਚਦਾ ਰਹਿੰਦਾ ਹੈ ਅਤੇ ਦੁਖੀ ਰਹਿੰਦਾ ਹੈ। ਜਿਸ ਉੱਤੇ ਪਰਮਾਤਮਾ ਮਿਹਰ ਕਰਦਾ ਹੈ, ਉਸ ਨੂੰ ਗੁਰੂ ਉਪਦੇਸ਼ ਦੀ ਪ੍ਰਾਪਤੀ ਹੁੰਦੀ ਹੈ। ਉਸ ਦੀ ਦੁੱਖਾਂ ਤੋਂ ਨਵਿਰਤੀ ਹੁੰਦੀ ਹੈ ਤੇ ਮਨ ਵਿੱਚ ਹਰ ਵੇਲੇ ਆਨੰਦ ਬਣਿਆ ਰਹਿੰਦਾ ਹੈ।

**ਵਿਆਖਿਆ** - ਗੁਰੂ ਜੀ ਫ਼ਰਮਾਉਂਦੇ ਹਨ ਕਿ ,ਹੇ ਮੇਰੀ ਮਾਂ ! ਮੇਰੇ ਅੰਦਰ ਪੂਰਨ ਖਿੜਾਓ ਪੈਦਾ ਹੋ ਗਿਆ ਹੈ, ਕਿਉਂਕਿ ਮੈਨੂੰ ਗੁਰੂ ਮਿਲ਼ ਗਿਆ ਹੈ। ਮੈਨੂੰ ਗੁਰੂ ਮਿਲਿਆ ਹੈ ਤੇ ਨਾਲ਼ ਹੀ ਅਡੋਲ ਅਵਸਥਾ ਵੀ ਪ੍ਰਾਪਤ ਹੋ ਗਈ ਹੈ, ਭਾਵ ਗੁਰੂ ਦੇ ਮਿਲ਼ਣ ਨਾਲ਼ ਮੇਰਾ ਮਨ ਡੋਲਣ ਤੋਂ ਹਟ ਗਿਆ ਹੈ। ਮੇਰੇ ਮਨ ਵਿੱਚ ਖ਼ੁਸ਼ੀਆਂ ਦੇ ਵਾਜੇ ਵੱਜ ਪਏ ਹਨ। ਸੋਹਣੇ ਰਾਗ ਆਪਣੇ ਪਰਿਵਾਰ ਤੇ ਰਾਣੀਆਂ ਸਮੇਤ ਮੇਰੇ ਮਨ ਵਿੱਚ ਪ੍ਰਭੂ ਦੀ ਸਿਫ਼ਤ-ਸਾਲਾਹ ਦੇ ਗੀਤ ਗਾਉਣ ਆ ਗਏ ਹਨ। ਹੇ ਮੇਰੀ ਮਾਂ! ਤੁਸੀਂ ਵੀ ਪ੍ਰਭੂ ਦੀ ਸਿਫ਼ਤ-ਸਲਾਹ ਦਾ ਗੀਤ ਗਾਵੋ, ਜਿਨ੍ਹਾਂ ਨੇ ਸਿਫ਼ਤ-ਸਲਾਹ ਦਾ ਸ਼ਬਦ ਮਨ ਵਿੱਚ ਵਸਾਇਆ ਹੈ, ਉਨ੍ਹਾਂ ਦੇ ਮਨ ਅੰਦਰ ਪੂਰਨ ਖਿੜਾਓ ਪੈਦਾ ਹੋ ਗਿਆ ਹੈ। ਨਾਨਕ ਆਖਦਾ ਹੈ, ਸਤਿਗੁਰੂ ਨੂੰ ਪਾ ਕੇ ਮੇਰੇ ਅੰਦਰ ਵੀ ਆਨੰਦ ਪੈਦਾ ਹੋ ਗਿਆ ਹੈ।

**(3) ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**
**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥**
**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥**
**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥**
**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥**

**ਪ੍ਰਸੰਗ** - ਇਹ ਕਾਵਿ-ਟੋਟਾ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਵਿੱਚੋਂ ਲਿਆ ਗਿਆ ਹੈ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਆਨੰਦ ਭਇਆ ਮੇਰੀ ਮਾਏ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਗੁਰੂ ਸਾਹਿਬ ਦੱਸਦੇ ਹਨ ਕਿ ਜੀਵ ਸਾਰੀ ਉਮਰ ਮੋਹ

ਮਾਇਆ ਦੇ ਹੱਥਾਂ ਵਿੱਚ ਨੱਚਦਾ ਰਹਿੰਦਾ ਹੈ ਅਤੇ ਦੁਖੀ ਰਹਿੰਦਾ ਹੈ। ਜਿਸ ਉੱਤੇ ਪਰਮਾਤਮਾ ਮਿਹਰ ਕਰਦਾ ਹੈ, ਉਸ ਨੂੰ ਗੁਰੂ ਉਪਦੇਸ਼ ਦੀ ਪ੍ਰਾਪਤੀ ਹੁੰਦੀ ਹੈ। ਉਸ ਦੀ ਦੁੱਖਾਂ ਤੋਂ ਨਵਿਰਤੀ ਹੁੰਦੀ ਹੈ, ਕਿਉਂਕਿ ਪਰਮਾਤਮਾ ਸਭ ਕੁਝ ਕਰਨ ਦੇ ਸਮਰੱਥ ਹੈ।

**ਵਿਆਖਿਆ -** ਗੁਰੂ ਜੀ ਫ਼ਰਮਾਉਂਦੇ ਹਨ ਕਿ ਇਹ ਮੇਰੇ ਮਨ ! ਤੋਂ ਸਦਾ ਪ੍ਰਭੂ ਦੇ ਨਾਲ਼ ਜੁੜਿਆ ਰਿਹਾ ਕਰ। ਹੇ ਮੇਰੇ ਮਨ! ਤੂੰ ਸਦਾ ਪ੍ਰਭੂ ਨੂੰ ਯਾਦ ਰੱਖ। ਉਹ ਪ੍ਰਭੂ ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲ਼ਾ ਹੈ। ਉਹ ਸਦਾ ਤੇਰੀ ਸਹਾਇਤਾ ਕਰਨ ਵਾਲ਼ਾ ਹੈ। ਉਹ ਹਰ ਸਮੇਂ ਤੇਰੇ ਨਾਲ਼ ਰਹਿ ਕੇ ਤੇਰੇ ਸਾਰੇ ਕੰਮ ਸਵਾਰਦਾ ਹੈ। ਉਹ ਤੇਰੇ ਸਾਰੇ ਕੰਮ ਸਿਰੇ ਚਾੜ੍ਹਨ ਦੇ ਸਮਰੱਥ ਹੈ। ਹੇ ਭਾਈ ! ਉਸ ਮਾਲਕ ਨੂੰ ਕਿਉਂ ਆਪਣੇ ਮਨ ਤੋਂ ਭੁਲਾਇਆ ਹੈ ? ਜੋ ਸਾਰੇ ਕੰਮ ਕਰਨ ਜੋਗਾ ਹੈ। ਨਾਨਕ ਸਾਹਿਬ ਜੀ ਆਖਦੇ ਹਨ , ਹੇ ਮੇਰੇ ਮਨ ! ਤੂੰ ਸਦਾ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਰਹਿ।

**(4) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**
**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥**
**ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ ॥**
**ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭਿ ਤੇਰਾ ਖੇਲੁ ਅਖਾੜਾ ਜੀਉ ॥**

**ਪ੍ਰਸੰਗ -** ਇਹ ਸ਼ਬਦ'ਸ੍ਰੀ ਗੁਰੂ ਗ੍ਰੰਥ ਸਾਹਿਬ'ਵਿੱਚ ਦਰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅੰਸ਼ ਹੈ । ਇਹ ਦਸਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ'ਵਿੱਚ ਗੁਰਮਤਿ-ਕਾਵਿ ਭਾਗ ਵਿੱਚ'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਗੁਰੂ ਜੀ ਪਰਮਾਤਮਾ ਨੂੰ ਟੇਕ ਆਸਰਾ ਮੰਨਦੇ ਹੋਏ ਲਿਖਦੇ ਹਨ ਕਿ ਪਰਮਾਤਮਾ ਹੀ ਮੇਰਾ ਸਭ ਕੁਝ ਹੈ , ਮੇਰਾ ਆਪਣਾ ਕੁਝ ਨਹੀਂ ਹੈ । ਪਰਮਾਤਮਾ ਦੀ ਕਿਰਪਾ ਹੋਣ ਤੇ ਹੀ ਮੈਂ ਉਸ ਨੂੰ ਪਹਿਚਾਣ ਸਕਦਾ ਹਾਂ। ਉਸ ਤੋਂ ਬਿਨਾਂ ਮੇਰਾ ਕੋਈ ਆਪਾ ਨਹੀਂ ਕੋਈ ਮਾਣ ਨਹੀਂ ਹੈ।

**ਵਿਆਖਿਆ -** ਗੁਰੂ ਜੀ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ ! ਤੂੰ ਮੇਰਾ ਪਿਉ ਦੇ ਥਾਂ ਹੈਂ, ਤੂੰ ਹੀ ਮੇਰੀ ਮਾਂ ਦੇ ਥਾਂ ਹੈ, ਤੂੰ ਮੇਰਾ ਰਿਸ਼ਤੇਦਾਰ ਹੈਂ, ਤੂੰ ਹੀ ਮੇਰਾ ਭਰਾ ਹੈਂ। ਹੇ ਪ੍ਰਭੂ! ਜਦੋਂ ਤੂੰ ਹੀ ਸਭ ਥਾਵਾਂ ਉੱਤੇ ਮੇਰਾ ਰਾਖਾ ਹੈਂ, ਤਾਂ ਮੈਨੂੰ ਕੋਈ ਡਰ ਹੋ ਹੀ ਨਹੀਂ ਸਕਦਾ, ਕੋਈ ਚਿੰਤਾ ਮੇਰੇ ਉੱਤੇ ਕਾਬੂ ਨਹੀਂ ਪਾ ਸਕਦੀ। ਹੇ ਪ੍ਰਭੂ! ਤੇਰੀ ਮਿਹਰ ਨਾਲ਼ ਹੀ ਮੈਂ ਤੈਨੂੰ ਪਹਿਚਾਣ ਸਕਦਾ ਹਾਂ, ਤੇਰੇ ਨਾਲ਼ ਡੂੰਘੀ ਸਾਂਝ ਪਾ ਸਕਦਾ ਹਾਂ। ਤੂੰ ਹੀ ਮੇਰਾ ਆਸਰਾ ਹੈਂ, ਤੂੰ ਹੀ ਮੇਰਾ ਮਾਣ ਹੈਂ। ਤੇਰੇ ਬਿਨਾਂ ਤੇਰੇ ਵਰਗਾ ਹੋਰ ਕੋਈ ਨਹੀਂ ਹੈ। ਇਹ ਜਗਤ-ਤਮਾਸ਼ਾ ਇਹ ਜਗਤ-ਅਖਾੜਾ ਤੇਰਾ ਹੀ ਬਣਾਇਆ ਹੋਇਆ ਹੈ।

**(5) ਜੀਅ ਜੰਤ ਸਭਿ ਤੁਧੁ ਉਪਾਏ ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥**
**ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥**
**ਨਾਮੁ ਧਿਆਇ ਮਹਾ ਸੁਖੁ ਪਾਇਆ ॥**

**ਪ੍ਰਸੰਗ -** ਇਹ ਸ਼ਬਦ'ਸ੍ਰੀ ਗੁਰੂ ਗ੍ਰੰਥ ਸਾਹਿਬ'ਵਿੱਚ ਦਰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅੰਸ਼ ਹੈ । ਇਹ ਦਸਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ'ਵਿੱਚ ਗੁਰਮਤਿ-ਕਾਵਿ ਭਾਗ ਵਿੱਚ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਗੁਰੂ ਜੀ ਪਰਮਾਤਮਾ ਨੂੰ ਟੇਕ ਆਸਰਾ ਮੰਨਦੇ ਹੋਏ ਲਿਖਦੇ ਹਨ ਕਿ ਪਰਮਾਤਮਾ ਮੇਰਾ ਸਭ ਕੁਝ ਹੈ , ਮੇਰਾ ਆਪਣਾ ਕੁਝ ਨਹੀਂ ਹੈ । ਸਭ ਜੀਵ-ਜੰਤ ਪਰਮਾਤਮਾ ਦੇ ਪੈਦਾ ਕੀਤੇ ਹੋਏ ਹਨ ਅਤੇ ਆਪਣੀ ਰਜ਼ਾ ਅਨੁਸਾਰ ਵੱਖ-ਵੱਖ ਕੰਮਾਂ-ਕਾਰਾਂ ਵਿੱਚ ਲਾਏ ਹੋਏ ਹਨ।

**ਵਿਆਖਿਆ** - ਗੁਰੂ ਜੀ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ ! ਜਗਤ ਦੇ ਸਾਰੇ ਜੀਅ ਜੰਤ ਤੂੰ ਹੀ ਪੈਦਾ ਕੀਤੇ ਹਨ, ਜਿਸ ਜਿਸ ਕੰਮ ਵਿਚ ਤੇਰੀ ਰਜ਼ਾ ਹੋਈ ਭਾਵ ਜੋ ਤੈਨੂੰ ਭਾਉਂਦਾ ਹੈ , ਤੂੰ ਉਸ ਉਸ ਕੰਮ ਵਿਚ ਸਾਰੇ ਜੀਅ ਜੰਤ ਲਾਏ ਹੋਏ ਹਨ। ਸੰਸਾਰ ਵਿਚ ਜੋ ਕੁਝ ਹੋ ਰਿਹਾ

ਹੈ, ਸਭ ਤੇਰਾ ਕੀਤਾ ਹੋ ਰਿਹਾ ਹੈ, ਸਾਡਾ ਜੀਵਾਂ ਦਾ ਕੋਈ ਜ਼ੋਰ ਨਹੀਂ ਚੱਲ ਸਕਦਾ। ਹੇ ਭਾਈ ! ਪਰਮਤਾਮਾ ਦਾ ਨਾਮ ਸਿਮਰ ਕੇ ਮੈਂ ਬੜਾ ਆਤਮਿਕ ਆਨੰਦ ਹਾਸਲ ਕੀਤਾ ਹੈ।

**(6) ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥**
**ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥**
**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ**
**ਬਿਨੁ ਦਰਸਨ ਸੰਤ ਪਿਆਰੇ ਜੀਉ ॥**
**ਹਉ ਘੋਲੀ ਜੀਉ ਘੋਲਿ ਘੁਮਾਈ**
**ਗੁਰ ਦਰਸਨ ਸੰਤ ਪਿਆਰੇ ਜੀਉ ॥**

**ਪ੍ਰਸੰਗ -** ਇਹ ਸ਼ਬਦ'ਸ੍ਰੀ ਗੁਰੂ ਗ੍ਰੰਥ ਸਾਹਿਬ'ਵਿੱਚ ਦਰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅੰਸ਼ ਹੈ। ਇਹ ਦਸਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ'ਵਿੱਚ ਗੁਰਮਤਿ-ਕਾਵਿ ਭਾਗ ਵਿੱਚ 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ'ਸਿਰਲੇਖ ਹੇਠ ਦਰਜ ਹੈ। ਇਸ ਸਲੋਕ ਦੇ ਪਹਿਲੇ ਤਿੰਨ ਬੰਦਾਂ ਵਿੱਚ ਗੁਰੂ ਸਾਹਿਬ ਪਰਮਾਤਮਾ ਨਾਲ਼ ਵਿਛੋੜੇ ਅਤੇ ਚੌਥੇ ਬੰਦ ਵਿੱਚ ਮਿਲਾਪ ਦੀ ਅਵਸਥਾ ਨੂੰ ਬਿਆਨ ਕੀਤਾ ਹੈ। ਇਨ੍ਹਾਂ ਸਤਰਾਂ ਵਿੱਚ ਪ੍ਰਭੂ ਦੇ ਦਰਸ਼ਨਾਂ ਦੀ ਬੇਕਰਾਰੀ ਨੂੰ ਬਿਆਨ ਕੀਤਾ ਹੈ।

**ਵਿਆਖਿਆ** - ਗੁਰੂ ਜੀ ਫ਼ਰਮਾਉਂਦੇ ਹਨ ਕਿ ਗੁਰੂ ਦਾ ਦਰਸ਼ਨ ਕਰਨ ਲਈ ਮੇਰਾ ਮਨ ਬੜੀ ਤਾਂਘ ਕਰ ਰਿਹਾ ਹੈ। ਉਹ ਇਸ ਪ੍ਰਕਾਰ ਤੜਫ ਰਿਹਾ ਹੈ,ਜਿਵੇਂ ਪਪੀਹਾ ਸ੍ਵਾਂਤੀ ਬੂੰਦ ਲਈ ਤਰਲੇ ਲੈਂਦਾ ਹੈ। ਪਪੀਹੇ ਵਾਂਗ ਮੇਰਾ ਮਨ ਗੁਰੂ ਦੇ ਦਰਸ਼ਨ ਲਈ ਤਰਲੇ ਲੈ ਰਿਹਾ ਹੈ। ਪਿਆਰੇ ਸੰਤ-ਗੁਰੂ ਦੇ ਦਰਸ਼ਨ ਕਰਨ ਤੋਂ ਬਿਨਾਂ ਦਰਸ਼ਨ ਕਰਨ ਦੀ ਮੇਰੀ ਆਤਮਿਕ ਤ੍ਰੇਹ ਮਿਟਦੀ ਨਹੀਂ ਅਤੇ ਮੇਰੇ ਮਨ ਨੂੰ ਧੀਰਜ ਨਹੀਂ ਆਉਂਦੀ। ਮੈਂ ਪਿਆਰੇ ਸੰਤ-ਗੁਰੂ ਦੇ ਦਰਸ਼ਨ ਤੋਂ ਕੁਰਬਾਨ ਜਾਂਦਾ ਹਾਂ।

**(7) ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ ॥**
**ਜਿਉ ਕਰ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥**
**ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ॥**
**ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ ॥**

**ਪ੍ਰਸੰਗ -** ਇਹ ਕਾਵਿ-ਟੋਟਾ ਭਾਈ ਗੁਰਦਾਸ ਜੀ ਦੁਆਰਾ ਰਚਿਤ, ਗੁਰਬਾਣੀ ਦੀ ਕੁੰਜੀ ਅਖਵਾਉਂਦੀਆਂ 'ਵਾਰਾਂ ਭਾਈ ਗੁਰਦਾਸ' ਦਾ ਅੰਸ਼ ਹੈ ਅਤੇ ਦਸਵੀਂ ਜਮਾਤ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਗੁਰਮਤਿ-ਕਾਵਿ ਭਾਗ ਅਧੀਨ 'ਸਤਿਗੁਰ ਨਾਨਕ ਪ੍ਰਗਟਿਆ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਭਾਈ ਸਾਹਿਬ ਕਲਯੁਗ ਦੀ ਭਿਆਨਕ ਦੁਰਦਸ਼ਾ ਨੂੰ ਪਿਛੋਕੜ ਵਿੱਚ ਰੱਖਦੇ ਹੋਏ ਦੱਸਦੇ ਹਨ ਕਿ ਇਸ ਦੁਰਦਸ਼ਾ ਦਾ ਉਧਾਰ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਲਿਆ ਅਤੇ ਅਗਿਆਨਤਾ ਦੇ ਹਨੇਰ ਨੂੰ ਗਿਆਨ ਦੇ ਪ੍ਰਕਾਸ਼ ਨਾਲ਼ ਦੂਰ ਕੀਤਾ।

**ਵਿਆਖਿਆ -** ਭਾਈ ਗੁਰਦਾਸ ਜੀ ਦੱਸਦੇ ਹਨ ਕਿ ਜਦੋਂ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ, ਹਰ ਪਾਸੇ ਅਗਿਆਨਤਾ ਦਾ ਹਨੇਰਾ ਪਸਰਿਆ ਹੋਇਆ ਸੀ। ਗੁਰੂ ਜੀ ਨੇ ਗਿਆਨ ਦੇ ਪ੍ਰਕਾਸ਼ ਨਾਲ਼ ਉਸ ਹਨੇਰੇ ਨੂੰ ਦੂਰ ਕਰ ਦਿੱਤਾ। ਜਿਵੇਂ ਸੂਰਜ ਚੜ੍ਹਨ ਨਾਲ਼ ਤਾਰੇ ਛੁਪ ਜਾਂਦੇ ਹਨ ਅਤੇ ਹਨੇਰਾ ਦੂਰ ਹੋ ਜਾਂਦਾ ਹੈ। ਜਿਵੇਂ ਜੰਗਲ ਵਿੱਚ ਸ਼ੇਰ ਦੀ ਦਹਾੜ ਸੁਣ ਕੇ ਹਿਰਨਾਂ ਦੀ ਡਾਰ ਵਿੱਚ ਨੱਸਣ ਲਈ ਭਾਜੜ ਪੈ ਜਾਂਦੀ ਹੈ ਅਤੇ ਧੀਰਜ ਨਹੀਂ ਆਉਂਦੀ, ਉਸ ਪ੍ਰਕਾਰ ਪਾਪਾਂ ਦਾ ਵਣਜ ਕਰਨ ਵਾਲਿਆਂ ਨੂੰ ਭਾਜੜ ਪੈ ਗਈ। ਜਿਸ ਥਾਂ ਬਾਬਾ ਜੀ ਦੇ ਚਰਨ ਪਏ, ਉਹ ਥਾਵਾਂ ਪੂਜਣ-ਯੋਗ ਹੋ ਗਈਆਂ।

**(8) ਸਿਧ ਆਸਣਿ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ॥**
**ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨੁ ਸਦਾ ਵਸੋਆ ॥**

**ਬਾਬੇ ਤਾਰੇ ਚਾਰਿ ਚਕਿ ਨੌਉ ਖੰਡਿ ਪ੍ਰਿਥਵੀ ਸਚਾ ਢੋਆ ॥**

**ਗੁਰਮੁਖਿ ਕਲਿ ਵਿਚ ਪਰਗਟ ਹੋਆ ॥**

**ਪ੍ਰਸੰਗ -** ਇਹ ਕਾਵਿ-ਟੋਟਾ ਭਾਈ ਗੁਰਦਾਸ ਜੀ ਦੁਆਰਾ ਰਚਿਤ, ਗੁਰਬਾਣੀ ਦੀ ਕੁੰਜੀ ਅਖਵਾਉਂਦੀਆਂ 'ਵਾਰਾਂ ਭਾਈ ਗੁਰਦਾਸ' ਦਾ ਅੰਸ਼ ਹੈ ਅਤੇ ਦਸਵੀਂ ਜਮਾਤ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਗੁਰਮਤਿ-ਕਾਵਿ ਭਾਗ ਅਧੀਨ 'ਸਤਿਗੁਰ ਨਾਨਕ ਪ੍ਰਗਟਿਆ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਭਾਈ ਸਾਹਿਬ ਕਲਯੁਗ ਦੀ ਭਿਆਨਕ ਦੁਰਦਸ਼ਾ ਨੂੰ ਪਿਛੋਕੜ ਵਿੱਚ ਰੱਖਦੇ ਹੋਏ ਦੱਸਦੇ ਹਨ ਕਿ ਇਸ ਦੁਰਦਸ਼ਾ ਦਾ ਉਧਾਰ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਲਿਆ ਅਤੇ ਅਗਿਆਨਤਾ ਦੇ ਹਨੇਰ ਨੂੰ ਗਿਆਨ ਦੇ ਪ੍ਰਕਾਸ਼ ਨਾਲ਼ ਦੂਰ ਕੀਤਾ।

**ਵਿਆਖਿਆ -** ਭਾਈ ਗੁਰਦਾਸ ਜੀ ਦੱਸਦੇ ਹਨ ਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਵਿਚਾਰਾਂ ਅਤੇ ਪਵਿੱਤਰ ਸਖ਼ਸੀਅਤ ਦਾ ਅਜਿਹਾ ਪ੍ਰਭਾਵ ਸੀ ਕਿ ਸੰਸਾਰ ਵਿੱਚ ਜਿੰਨੀਆਂ ਵੀ ਪ੍ਰਸਿੱਧ ਥਾਵਾਂ ਸਨ, ਉਹ ਸਾਰੀਆਂ ਗੁਰੂ ਦੇ ਆਸਣ ਦੇ ਨਾਂ ਨਾਲ਼ ਪ੍ਰਸਿੱਧ ਹੋ ਗਈਆਂ ਅਤੇ ਸਿੱਧਾਂ ਦੇ ਸਾਰੇ ਅਸਥਾਨ ਗੁਰੂ ਦੇ ਘਰ ਬਣ ਗਏ। ਘਰ-ਘਰ ਅੰਦਰ ਧਰਮਸ਼ਾਲਾਵਾਂ ਬਣ ਗਈਆਂ ਤੇ ਕੀਰਤਨ ਹੋਣ ਲੱਗ ਪਿਆ , ਜਿਵੇਂ ਹਰ ਘਰ ਵਿਸਾਖੀ ਦੀ ਖ਼ੁਸ਼ੀ ਵਿੱਚ ਕੀਰਤਨ ਹੋ ਰਿਹਾ ਹੋਵੇ । ਬਾਬਾ ਜੀ ਨੇ ਚਾਰੇ ਦਿਸ਼ਾਵਾਂ ਤਾਰ ਦਿੱਤੀਆਂ , ਨੌਂ ਖੰਡਾਂ ਵਿੱਚ ਸੱਚ ਦਾ ਪ੍ਰਕਾਸ਼ ਫੈਲ ਗਿਆ। ਕਲਯੁਗ ਦੇ ਭਿਆਨਕ ਸਮੇਂ ਵਿੱਚ ਅਵਤਾਰ ਧਾਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਦਾ ਭਲਾ ਕਰ ਦਿੱਤਾ।

(9) **ਦੇਖਿ ਪਰਾਈਆ ਚੰਗੀਆ ਮਾਵਾ ਭੈਣਾ ਧੀਆ ਜਾਣੈ।**

**ਉਸੁ ਸੂਅਰੁ ਉਸ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।**

**ਪ੍ਰਸੰਗ -** ਇਹ ਕਾਵਿ-ਟੋਟਾ ਭਾਈ ਗੁਰਦਾਸ ਜੀ ਦੁਆਰਾ ਰਚਿਤ, ਗੁਰਬਾਣੀ ਦੀ ਕੁੰਜੀ ਅਖਵਾਉਂਦੀਆਂ 'ਵਾਰਾਂ ਭਾਈ ਗੁਰਦਾਸ' ਦਾ ਅੰਸ਼ ਹੈ ਅਤੇ ਦਸਵੀਂ ਜਮਾਤ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਗੁਰਮਤਿ-ਕਾਵਿ ਭਾਗ ਅਧੀਨ 'ਦੇਖਿ ਪਰਾਈਆ ਚੰਗੀਆ ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਭਾਈ ਸਾਹਿਬ ਦੁਆਰਾ ਇੱਕ ਗੁਰਸਿੱਖ ਨੂੰ ਨੇਕ ਆਚਰਨ ਦੇ ਕੁੱਝ ਜਰੂਰੀ ਨੁਕਤਿਆਂ ਤੋਂ ਜਾਣੂ ਕਰਵਾਇਆ ਗਿਆ ਹੈ।

**ਵਿਆਖਿਆ -** ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਸਿੱਖ ਦਾ ਫ਼ਰਜ਼ ਹੈ ਕਿ ਉਹ ਪਰਾਈਆਂ ਸੁੰਦਰ ਇਸਤਰੀਆਂ ਨੂੰ ਦੇਖ ਕੇ ਉਮਰ ਵਿੱਚ ਵੱਡੀਆਂ ਨੂੰ ਮਾਂਵਾਂ , ਬਰਾਬਰ ਦੀਆਂ ਨੂੰ ਭੈਣਾਂ ਅਤੇ ਛੋਟੀਆਂ ਨੂੰ ਆਪਣੀਆਂ ਧੀਆਂ ਸਮਝੇ। ਉਹ ਪਰਾਏ ਧਨ ਨੂੰ ਹੜੱਪ ਨਹੀਂ ਕਰ ਸਕਦਾ ਕਿਉਂਕਿ ਪਰਾਇਆ ਧਨ ਹਿੰਦੂ ਲਈ ਗਊ ਦਾ ਅਤੇ ਮੁਸਲਮਾਨ ਲਈ ਸੂਰ ਦਾ ਮਾਸ ਖਾਣ ਦੇ ਬਰਾਬਰ ਹੈ।

(10) **ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ।**

**ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ।**

**ਪ੍ਰਸੰਗ -** ਇਹ ਕਾਵਿ-ਟੋਟਾ ਭਾਈ ਗੁਰਦਾਸ ਜੀ ਦੁਆਰਾ ਰਚਿਤ, ਗੁਰਬਾਣੀ ਦੀ ਕੁੰਜੀ ਕਹੀਆਂ ਜਾਣ ਵਾਲ਼ੀਆਂ 'ਵਾਰਾਂ ਭਾਈ ਗੁਰਦਾਸ' ਦਾ ਅੰਸ਼ ਹੈ ਅਤੇ ਦਸਵੀਂ ਜਮਾਤ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਗੁਰਮਤਿ-ਕਾਵਿ ਭਾਗ ਅਧੀਨ 'ਆਪਿ ਭਲਾ ਸਭੁ ਜਗੁ ਭਲਾ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਭਾਈ ਸਾਹਿਬ ਦੱਸਦੇ ਹਨ ਕਿ ਹਰੇਕ ਮਨੁੱਖ ਨੂੰ ਉਸ ਦੀ ਆਪਣੀ ਭਾਵਨਾ ਅਨੁਸਾਰ ਹੀ ਫਲ ਪ੍ਰਾਪਤ ਹੁੰਦਾ ਹੈ। ਚੰਗੇ ਨੂੰ ਸਾਰੇ ਚੰਗੇ ਲਗਦੇ ਹਨ ਅਤੇ ਬੁਰੇ ਵਿਅਕਤੀ ਨੂੰ ਸਾਰੇ ਬੁਰੇ ਲਗਦੇ ਹਨ।

**ਵਿਆਖਿਆ -** ਭਾਈ ਗੁਰਦਾਸ ਜੀ ਲਿਖਦੇ ਹਨ ਕਿ ਭਲਾ ਕਰਨ ਵਾਲ਼ੇ ਨੂੰ ਸਾਰਾ ਸੰਸਾਰ ਹੀ ਭਲਾ ਕਰਨ ਵਾਲ਼ਾ ਦਿਸਦਾ ਹੈ। ਉਹ ਸਾਰਿਆਂ ਨੂੰ ਭਲਾ ਮਨੁੱਖ ਕਰਕੇ ਹੀ ਦੇਖਦਾ ਹੈ। ਜਿਹੜਾ ਆਪ ਬੁਰਾ ਹੈ, ਉਸ ਨੂੰ ਸਾਰਾ ਸੰਸਾਰ ਹੀ ਬੁਰਾ ਦਿਖਾਈ ਦਿੰਦਾ ਹੈ। ਕ੍ਰਿਸ਼ਨ ਜੀ ਨੇ ਪਾਂਡਵਾਂ ਦੀ ਸਹਾਇਤਾ ਇਸ ਲਈ ਕੀਤੀ, ਕਿਉਂਕਿ ਉਨ੍ਹਾਂ ਵਿੱਚ ਭਗਤੀ ਭਾਵ ਦੀ ਭਾਵਨਾ ਬਹੁਤੀ ਸੀ। ਕੌਰਵਾਂ ਦੇ ਦਿਲ ਵਿੱਚ ਵੈਰ ਭਾਵ ਸੀ। ਉਹ ਦਿਲ ਵਿੱਚ ਵੈਰਾਂ ਦੀ ਹੀ ਗਿਣਤੀ ਕਰਦੇ ਰਹਿੰਦੇ ਸਨ। ਅੰਤ ਉਨ੍ਹਾਂ ਨੂੰ ਕਾਲਖ ਦਾ ਹੀ ਟਿੱਕਾ ਮਿਲਿਆ। ਦੋ

ਮਿਥਿਹਾਸਿਕ ਰਾਜਿਆਂ ਵਿੱਚ ਭਲਾ ਅਤੇ ਬੁਰਾ ਲੱਭਣ ਦੀ ਦ੍ਰਿਸ਼ਟੀ ਇੱਕੋ ਜਿਹੀ ਨਹੀਂ ਸੀ। ਯੁਧਿਸ਼ਟਰ ਨੂੰ ਕੋਈ ਬੁਰਾ ਅਤੇ ਦਰਜੋਧਨ ਨੂੰ ਕੋਈ ਚੰਗਾ ਨਹੀਂ ਲੱਭਿਆ। ਅਸਲ ਵਿੱਚ ਜੋ ਕੁਝ ਲੋਟੇ ਵਿੱਚ ਹੁੰਦਾ ਹੈ, ਉਹ ਉਸ ਦੀ ਟੂਟੀ ਦੀ ਧਾਰ ਵਿੱਚੋਂ ਬਾਹਰ ਵਹਿ ਤੁਰਦਾ ਹੈ, ਭਾਵ ਭਲੇ ਨੂੰ ਸਾਰੇ ਹੀ ਭਲੇ ਦਿਖਾਈ ਦਿੰਦੇ ਹਨ ਅਤੇ ਬੁਰੇ ਨੂੰ ਬੁਰੇ।

**(11) ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰਿ ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਸੂਫ਼ੀ-ਕਾਵਿ ਭਾਗ ਅਧੀਨ ਦਰਜ ਹੈ। ਇਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਸ਼ੇਖ਼ ਫ਼ਰੀਦ ਜੀ ਦੇ 112 ਸਲੋਕਾਂ ਵਿੱਚੋਂ ਇੱਕ ਹੈ। ਇਸ ਵਿੱਚ ਫ਼ਰੀਦ ਜੀ ਨੇ ਮਨੁੱਖ ਨੂੰ ਅਜਿਹੇ ਕੰਮਾਂ ਦਾ ਤਿਆਗ ਕਰਨ ਲਈ ਕਿਹਾ ਹੈ, ਜਿਨ੍ਹਾਂ ਦਾ ਕੋਈ ਆਤਮਿਕ ਲਾਭ ਨਹੀਂ।

**ਵਿਆਖਿਆ -** ਸ਼ੇਖ਼ ਫ਼ਰੀਦ ਜੀ ਫ਼ਰਮਾਉਂਦੇ ਹਨ ਕਿ ਹੇ ਮਨੁੱਖ! ਤੈਨੂੰ ਅਜਿਹੇ ਕੰਮਾਂ ਦਾ ਤਿਆਗ ਕਰ ਦੇਣਾ ਚਾਹੀਦਾ ਹੈ, ਜਿਨ੍ਹਾਂ ਨੂੰ ਕਰਨ ਨਾਲ਼ ਕੋਈ ਆਤਮਿਕ ਲਾਭ ਪ੍ਰਾਪਤ ਨਹੀਂ ਹੁੰਦਾ। ਅਜਿਹੇ ਕੰਮ ਕਰਕੇ ਤੈਨੂੰ ਪਰਮਾਤਮਾ ਦੀ ਦਰਗਾਹ ਵਿੱਚ ਅੰਤ ਸਮੇਂ ਸ਼ਰਮਿੰਦਾ ਹੀ ਹੋਣਾ ਪਵੇਗਾ।

**(12) ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ 'ਸਾਹਿਤ-ਮਾਲਾ' ਵਿੱਚ ਸੂਫ਼ੀ-ਕਾਵਿ ਭਾਗ ਅਧੀਨ ਦਰਜ ਹੈ। ਇਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਸ਼ੇਖ਼ ਫ਼ਰੀਦ ਜੀ ਦੇ 112 ਸਲੋਕਾਂ ਵਿੱਚੋਂ ਇੱਕ ਹੈ। ਇਸ ਵਿੱਚ ਫ਼ਰੀਦ ਜੀ ਨੇ ਕਿਹਾ ਕਿ ਮਨੁੱਖ ਨੂੰ ਬੁਰੇ ਵਿਅਕਤੀ ਦਾ ਵੀ ਭਲਾ ਕਰਨਾ ਚਾਹੀਦਾ ਹੈ।

**ਵਿਆਖਿਆ -** ਫ਼ਰੀਦ ਜੀ ਫ਼ਰਮਾਉਂਦੇ ਹਨ ਕਿ ਮਨੁੱਖ ਨੂੰ ਬੁਰਾ ਕਰਨ ਵਾਲ਼ੇ ਵਿਅਕਤੀ ਦਾ ਵੀ ਭਲਾ ਹੀ ਕਰਨਾ ਚਾਹੀਦਾ ਹੈ। ਉਸ ਦੇ ਕੀਤੇ ਬੁਰੇ ਦਾ ਗੁੱਸਾ ਮਨ ਵਿੱਚ ਨਹੀਂ ਰੱਖਣਾ ਚਾਹੀਦਾ। ਇਸ ਤਰ੍ਹਾਂ ਦੀ ਭਲਾਈ ਕਰਨ ਨਾਲ਼ ਉਸ ਦਾ ਸਰੀਰ ਰੋਗਾਂ ਤੋਂ ਰਹਿਤ ਰਹੇਗਾ ਅਤੇ ਉਸ ਦੇ ਅੰਦਰ ਚੰਗੇ ਗੁਣ ਪੈਦਾ ਹੋਣਗੇ।

**(13) ਸਾਈਂ ਜਿਨਾਂਦੜੇ ਵਲਿ, ਤਿਨ੍ਹਾਂ ਨੂੰ ਗ਼ਮ ਕੈਂਦਾ, ਵੇ ਲੋਕਾ । 1 । ਰਹਾਓ ।**
**ਸੇਈ ਭਲੀਆਂ ਜੋ ਰੱਬ ਵਲਿ ਆਈਆਂ, ਜਿਨ੍ਹਾਂ ਨੂੰ ਇਸ਼ਕ ਚਰੋਕਾ ਵੇ ਲੋਕਾ । 1 ।**
**ਇਸ਼ਕੇ ਦੀ ਸਿਰ ਖਾਰੀ ਚਾਈਆ, ਦਰ ਦਰ ਦੇਨੀਆਂ ਹੋਕਾ ਵੇ ਲੋਕਾ । 2 ।**
**ਕਹੈ ਹੁਸੈਨ ਫ਼ਕੀਰ ਸਾਈਂ ਦਾ, ਲੱਧਾ ਹੀ ਪ੍ਰੇਮ ਝਰੋਖਾ ਵੇ ਲੋਕਾ । 3 ।**
**ਸਾਈਂ ਜਿਨਾਂਦੜੇ ਵੱਲ, ਤਿਨਾਂ ਨੂੰ ਗ਼ਮ ਕੈਂਦਾ, ਵੇ ਲੋਕਾ, ਹੋ ਮੈਂ ਵਾਰੀ, ਗ਼ਮ ਕੈਂਦਾ ਵੇ ਲੋਕਾ । 4 ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ 'ਸਾਈਂ ਜਿਨ੍ਹਾਂਦੜੇ ਵਲਿ' ਸਿਰਲੇਖ ਹੇਠ ਦਰਜ ਹੈ। ਇਹ ਸ਼ਾਹ ਹੁਸੈਨ ਦੁਆਰਾ ਰਚੀ ਹੋਈ ਇੱਕ ਕਾਫ਼ੀ ਹੈ। ਇਸ ਵਿੱਚ ਕਵੀ ਦੱਸਦਾ ਹੈ ਕਿ ਜਿਨ੍ਹਾਂ ਨੂੰ ਪਰਮਾਤਮਾ ਦਾ ਸਾਥ ਪ੍ਰਾਪਤ ਹੁੰਦਾ ਹੈ, ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਗ਼ਮ ਜਾਂ ਡਰ-ਭੈਅ ਨਹੀਂ ਹੁੰਦਾ। ਉਹ ਬੇਪਰਵਾਹ ਹੁੰਦੇ ਹਨ।

**ਵਿਆਖਿਆ -** ਸ਼ਾਹ ਹੁਸੈਨ ਇਸਤਰੀ ਦੇ ਰੂਪ ਵਿੱਚ ਲੋਕਾਂ ਨੂੰ ਸੰਬੋਧਿਤ ਹੋ ਕੇ ਕਹਿੰਦਾ ਹੈ ਕਿ ਜਿਨ੍ਹਾਂ ਦੇ ਨਾਲ਼ ਪਰਮਾਤਮਾ ਆਪ ਹੁੰਦਾ ਹੈ, ਪਰਮਾਤਮਾ ਦੀ ਮਿਹਰ ਹੁੰਦੀ ਹੈ, ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਗ਼ਮ ਜਾਂ ਡਰ-ਭੈਅ ਨਹੀਂ ਹੁੰਦਾ। ਉਹ ਜੀਵ ਇਸਤਰੀਆਂ ਚੰਗੀਆਂ ਹਨ, ਜਿਨ੍ਹਾਂ ਦੇ ਦਿਲ ਵਿੱਚ ਰੱਬੀ ਇਸ਼ਕ ਦੀ ਲੰਮੇ ਸਮੇਂ ਤੋਂ ਲੱਗੀ ਹੋਈ ਲਗਨ ਹੋਣ ਕਰਕੇ ਉਹ ਪਰਮਾਤਮਾ ਦੇ ਪ੍ਰੇਮ ਵਾਲ਼ਾ ਵਣਜ ਕਰਨ ਲੱਗੀਆਂ ਹੋਈਆਂ ਹਨ। ਉਹ ਆਪਣੇ ਸਿਰ ਤੇ ਰੱਬੀ ਇਸ਼ਕ ਦੀ ਟੋਕਰੀ ਚੁੱਕ ਕੇ ਦਰ-ਦਰ ਤੇ ਜਾ ਕੇ ਪ੍ਰਭੂ ਪ੍ਰੇਮ ਦੇ ਵਣਜ ਦਾ ਹੋਕਾ

ਦਿੰਦੀਆਂ ਹਨ। ਪਰਮਾਤਮਾ ਲਈ ਪ੍ਰੇਮ ਵਿੱਚ ਰੰਗਿਆ ਫਕੀਰ ਸ਼ਾਹ ਹੁਸੈਨ ਕਹਿੰਦਾ ਹੈ ਕਿ ਮੈਂ ਇਸ਼ਕ ਪ੍ਰਾਪਤੀ ਦੇ ਉਸ ਜ਼ਰੀਏ ਨੂੰ ਲੱਭ ਲਿਆ ਹੈ, ਜਿੱਥੇ ਮੈਂ ਆਪਣੇ ਪਿਆਰੇ ਪ੍ਰਭੂ ਦੇ ਦਰਸ਼ਨ ਕਰ ਸਕਦੀ ਹਾਂ। ਜਿਨ੍ਹਾਂ ਦੇ ਨਾਲ਼ ਪਰਮਾਤਮਾ ਹੁੰਦਾ ਹੈ, ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਗ਼ਮ ਅਤੇ ਡਰ ਨਹੀਂ ਹੁੰਦਾ। ਮੈਂ ਆਪਣੇ ਉਸ ਪ੍ਰਭੂ ਤੋਂ ਕੁਰਬਾਨ ਜਾਂਦੀ ਹਾਂ, ਜਿਨ੍ਹਾਂ ਦੀ ਮਿਹਰ ਸਦਕਾ ਮੈਂ ਦੁਨੀਆ ਵੱਲੋਂ ਬੇਪਰਵਾਹ ਹੋ ਗਈ ਹਾਂ।

**(14) ਬੰਦੇ ਆਪਿ ਨੂੰ ਪਛਾਣ,**

**ਜੇ ਤੈ ਆਪਣਾ ਆਪਿ ਪਛਾਤਾ, ਸਾਈਂ ਦਾ ਮਿਲ਼ਣ ਅਸਾਨੁ । 1 ।ਰਹਾਉ।**

**ਸੁਇਨੇ ਦੇ ਕੋਟੁ ਰੁਪਹਿਰੀ ਛੱਜੇ, ਹਰਿ ਬਿਨੁ ਜਾਣਿ ਮਸਾਣੁ । 1 ।**

**ਤੇਰੇ ਸਿਰ ਤੇ ਜਮ ਸਾਜ਼ਸ਼ ਕਰਦਾ, ਭਾਵੇਂ ਤੂੰ ਜਾਣੁ ਨਾ ਜਾਣੁ । 2 ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ 'ਆਪਿ ਨੂੰ ਪਛਾਣ' ਸਿਰਲੇਖ ਹੇਠ ਦਰਜ ਹੈ। ਇਹ ਸ਼ਾਹ ਹੁਸੈਨ ਦੁਆਰਾ ਰਚੀ ਹੋਈ ਇੱਕ ਕਾਫ਼ੀ ਹੈ। ਇਸ ਵਿੱਚ ਕਵੀ ਮਨੁੱਖ ਨੂੰ ਆਪੇ ਦੀ ਪਛਾਣ ਕਰਨ ਲਈ ਕਹਿੰਦਾ ਹੈ, ਜਿਸ ਨਾਲ਼ ਸਾਈਂ ਨੂੰ ਮਿਲ਼ਣਾ ਅਸਾਨ ਹੋ ਜਾਂਦਾ ਹੈ।

**ਵਿਆਖਿਆ -** ਸ਼ਾਹ ਹੁਸੈਨ ਕਹਿੰਦਾ ਹੈ ਕਿ ਹੇ ਮਨੁੱਖ! ਆਪਣੇ ਆਪ ਦੀ ਪਛਾਣ ਕਰ ਕਿ ਤੇਰੀ ਆਪਣੀ ਕੀ ਹਸਤੀ ਹੈ। ਤੂੰ ਕੌਣ ਹੈਂ ਅਤੇ ਕਿਸ ਕੰਮ ਲਈ ਸੰਸਾਰ ਉਪਰ ਆਇਆ ਹੈ? ਜੇਕਰ ਤੂੰ ਆਪਣੇ ਆਪ ਨੂੰ ਪਛਾਣ ਲਿਆ ਤੈਨੂੰ ਪਰਮਾਤਮਾ ਦੇ ਨਾਲ਼ ਮਿਲ਼ਣਾ ਆਸਾਨ ਹੋ ਜਾਵੇਗਾ। ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਤੇਰੇ ਸੰਸਾਰਿਕ ਪਦਾਰਥਾਂ ਦੇ ਅਡੰਬਰ ਕਿਸੇ ਕੰਮ ਨਹੀਂ ਹਨ। ਪਰਮਾਤਮਾ ਦੇ ਨਾਮ ਤੋਂ ਬਿਨਾਂ ਤੇਰੇ ਚਾਂਦੀ ਦੇ ਛੱਜਿਆਂ ਵਾਲ਼ੇ ਸੋਨੇ ਦੇ ਕਿਲੇ ਕਿਸੇ ਸ਼ਮਸ਼ਾਨ ਭੂਮੀ ਦੀ ਤਰ੍ਹਾਂ ਹਨ। ਤੂੰ ਆਪਣੀ ਇਸ ਦੌਲਤ ਦੇ ਹੰਕਾਰ ਵਿੱਚ ਪਰਮਾਤਮਾ ਨੂੰ ਭੁੱਲ ਗਿਆ ਹੈਂ। ਤੂੰ ਇਸ ਗੱਲ ਨੂੰ ਸਵੀਕਾਰ ਕਰ ਭਾਵੇਂ ਨਾ, ਪਰ ਤੇਰੇ ਸਿਰ ਉੱਪਰ ਜਮਦੂਤ ਤੈਨੂੰ ਮਾਰਨ ਦੀ ਗੋਂਦ ਗੁੰਦ ਰਿਹਾ ਹੈ।

**(15) ਨਾ ਮੈਂ ਅੰਦਰ ਵੇਦ ਕਿਤਾਬਾਂ , ਨਾ ਮੈਂ ਭੰਗਾਂ ਵਿੱਚ ਸ਼ਰਾਬਾਂ,**

**ਨਾ ਵਿਚ ਰਿੰਦਾਂ ਮਸਤ ਖਰਾਬਾਂ, ਨਾ ਵਿਚ ਜਾਗਣ ਨਾ ਵਿਚ ਸੌਣ ।**

**ਬੁੱਲ੍ਹਾ ਕੀ ਜਾਣਾ ਮੈਂ ਕੌਣ ?**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ - ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਆਪਣੇ ਆਪ ਨੂੰ ਵੇਦਾਂ ਅਤੇ ਭੰਗ ਸ਼ਰਾਬ ਦੇ ਨਸ਼ਿਆਂ ਵਿਚੋਂ ਬਾਹਰ ਰੱਖ ਕੇ ਆਪਣੀ ਆਤਮਾ ਦੀ ਅਸਲੀਅਤ ਨੂੰ ਪਛਾਨਣ ਦਾ ਯਤਨ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੇਰੀ 'ਮੈਂ' ਵੇਦ-ਪੁਰਾਣ ਅਤੇ ਹੋਰ ਧਾਰਮਿਕ ਗ੍ਰੰਥ ਪੜ੍ਹਨ ਵਾਲਿਆਂ ਵਿੱਚ ਸ਼ਾਮਲ ਹੋਣ ਵਿੱਚ ਨਹੀਂ ਹੈ ਅਤੇ ਨਾ ਹੀ ਮੇਰੀ 'ਮੈਂ' ਭੰਗ ਜਾਂ ਸ਼ਰਾਬ ਪੀਣ ਵਾਲਿਆਂ ਵਿੱਚ ਸ਼ਾਮਿਲ਼ ਹੋਣ ਵਿੱਚ ਹੈ। ਨਾ ਮੇਰੀ 'ਮੈਂ' ਮਲੰਗਾਂ ਵਿੱਚ ਸ਼ਾਮਲ ਹੋਣ ਵਿੱਚ ਹੈ ਅਤੇ ਨਾ ਹੀ ਮੇਰੀ 'ਮੈਂ' ਨਸ਼ਾ ਪੀ ਕੇ ਬਦਮਸਤ ਹੋਣ ਵਾਲਿਆਂ ਵਿੱਚ ਹੈ। ਨਾ ਮੇਰੀ 'ਮੈਂ' ਜਗਰਾਤੇ ਕੱਟਣ ਵਾਲਿਆਂ ਵਿੱਚ ਸ਼ਾਮਿਲ਼ ਹੋਣ ਵਿੱਚ ਹੈ ਅਤੇ ਨਾ ਹੀ ਸੁੱਤੇ ਰਹਿਣ ਵਾਲਿਆਂ ਵਿੱਚ ਹੋਣ ਕਰਕੇ ਹੈ। ਮੈਂ ਇਹ ਨਹੀਂ ਜਾਣਦਾ ਕਿ ਮੇਰੀ 'ਮੈਂ' ਕਿਸ ਵਿੱਚ ਹੈ ਅਤੇ ਕੀ ਹੈ।

**(16) ਵੇਦ ਕੁਰਾਨਾਂ ਪੜ੍ਹ - ਪੜ੍ਹ ਥੱਕੇ , ਸਿਜਦੇ ਕਰਦਿਆਂ ਘੱਸ ਗਏ ਮੱਥੇ,**

**ਨਾ ਰੱਬ ਤੀਰਥ ਨਾ ਰੱਬ ਮੱਕੇ, ਜਿਨ ਪਾਇਆ ਤਿਨ ਨੂਰ ਅਨਵਾਰ ।**

**ਇਸ਼ਕ ਦੀ ਨਵੀਉਂ ਨਵੀਂ ਬਹਾਰ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ-ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਦੱਸਦਾ ਹੈ ਕਿ ਮੈਂ ਰੱਬ ਨੂੰ ਪ੍ਰਾਪਤ ਕਰਨ ਲਈ ਮਜ਼੍ਹਬੀ ਕਰਮ-ਕਾਂਡ ਕੀਤੇ, ਪਰ ਸਾਰੇ ਵਿਅਰਥ ਸਨ। ਕਵੀ ਰੱਬੀ ਇਸ਼ਕ ਦੁਆਰਾ ਪ੍ਰਾਪਤ ਆਨੰਦਮਈ ਅਵਸਥਾ ਦਾ ਗੁਣ-ਗਾਣ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਧਾਰਮਿਕ ਕਰਮ-ਕਾਂਡ ਕਰਕੇ ਵੇਦਾਂ ਅਤੇ ਕੁਰਾਨਾਂ ਨੂੰ ਪੜ੍ਹ ਕੇ ਮੈਂ ਥੱਕ ਗਿਆ ਸੀ। ਮੰਦਰਾਂ ਅਤੇ ਮਸੀਤਾਂ ਵਿੱਚ ਮੱਥਾ ਟੇਕ ਕੇ ਮੇਰੇ ਮੱਥੇ ਵੀ ਘਸ ਗਏ ਸਨ। ਰੱਬ ਤੀਰਥਾ ਅਸਥਾਨਾਂ ਅਤੇ ਮੱਕੇ ਵਿੱਚ ਜਾ ਕੇ ਨਹੀਂ ਮਿਲ਼ਦਾ। ਜਿਹੜਾ ਹਕੀਕੀ ਇਸ਼ਕ ਕਰਕੇ ਪਰਮਾਤਮਾ ਨੂੰ ਪਾ ਲੈਂਦਾ ਹੈ, ਉਹ ਉਸ ਦੇ ਨੂਰ ਨਾਲ਼ ਇੱਕ-ਮਿੱਕ ਹੋ ਜਾਂਦਾ ਹੈ। ਰੱਬ ਦੇ ਆਸ਼ਕ ਪਰਮਾਤਮਾ ਨਾਲ਼ ਇਸ਼ਕ ਕਰਕੇ ਇੱਕ-ਮਿੱਕ ਹੋ ਕੇ ਇਸ਼ਕ ਦੀ ਨਵੀਂ ਬਹਾਰ ਦਾ ਆਨੰਦ ਮਾਣਦੇ ਹਨ।

(17) **ਤੇਰਾ ਨਾਮ ਧਿਆਈਦਾ ਸਾਈਂ, ਤੇਰਾ ਨਾਮ ਧਿਆਈਦਾ ।**
**ਬੁੱਲ੍ਹੇ ਨਾਲ਼ੋਂ ਚੁਲ੍ਹਾ ਚੰਗਾ, ਜਿਸ ਪਰ ਤਾਮ ਪਕਾਈਦਾ ।**
**ਰਲ ਫਕੀਰਾਂ ਮਜਲਸ ਕੀਤੀ , ਭੋਰਾ - ਭੋਰਾ ਖਾਈਦਾ ।**
**ਰੰਗੜ ਨਾਲ਼ੋਂ ਖਿੰਗਰ ਚੰਗਾ,ਜਿਸ ਪਰ ਪੈਰ ਘਸਾਈਦਾ ।**
**ਬੁੱਲ੍ਹਾ ਸ਼ਹੁ ਨੂੰ ਸੋਈ ਪਾਵੇ , ਜੋ ਬੱਕਰਾ ਬਣੇ ਕਸਾਈਦਾ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ - ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਤੇਰਾ ਨਾਮ ਧਿਆਈਦਾ ਸਾਈਂ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਦੱਸਦਾ ਹੈ ਕਿ ਮੇਰੀ ਆਪਣੀ ਕੋਈ ਹਸਤੀ ਨਹੀਂ ਹੈ। ਮੈਂ ਆਪਣੇ ਮਾਲਕ-ਪ੍ਰਭੂ ਨੂੰ ਧਿਆਉਂਦਾ ਹਾਂ।

**ਵਿਆਖਿਆ -** ਕਵੀ ਕਹਿੰਦਾ ਹੈ ਕਿ ਹੇ ਪ੍ਰਭੂ! ਮੈਂ ਕੇਵਲ ਤੇਰੇ ਨਾਮ ਦਾ ਹੀ ਸਿਮਰਨ ਕਰਦਾ ਹਾਂ। ਮੈਂ ਇੱਕ ਨਿਕਾਰੀ ਜਿਹੀ ਵਸਤੂ ਹਾਂ। ਮੇਰੇ ਨਾਲ਼ੋਂ ਤਾਂ ਚੁੱਲ੍ਹਾ ਹੀ ਚੰਗਾ ਹੈ, ਜਿਸ ਉੱਤੇ ਰੋਟੀ ਪਕਾਈ ਜਾਂਦੀ ਹੈ ਅਤੇ ਫਕੀਰ ਲੋਕ ਇੱਕ ਦੂਜੇ ਦੀ ਸੰਗਤ ਵਿੱਚ ਬੈਠ ਕੇ ਭੋਰਾ-ਭੋਰਾ ਖਾ ਕੇ ਢਿੱਡ ਨੂੰ ਆਸਰਾ ਦਿੰਦੇ ਹਨ। ਮੈਂ ਕਿਸੇ ਕੰਮ ਆਉਣ ਜੋਗਾ ਨਹੀਂ ਹਾਂ। ਮੇਰੇ ਵਿੱਚ ਰੰਗੜ ਵਾਲੀ ਹਉਮੈਂ ਤੇ ਹੰਕਾਰ ਨਹੀਂ ਹੈ । ਮੈਂ ਰੰਗੜ ਨਾਲ਼ੋਂ ਖਿੰਗਰ ਨੂੰ ਚੰਗਾ ਸਮਝਦਾ ਹਾਂ ,ਜਿਸ ਉੱਤੇ ਪੈਰਾਂ ਨੂੰ ਘਸਾ ਕੇ ਸਾਫ ਕੀਤਾ ਜਾ ਸਕਦਾ ਹੈ। ਅਸਲ ਵਿੱਚ ਹੰਕਾਰੀ ਬੰਦਾ ਰੱਬ ਨੂੰ ਪਾ ਨਹੀਂ ਸਕਦਾ। ਉਹ ਹੀ ਰੱਬ ਨੂੰ ਪਾ ਸਕਦਾ ਹੈ, ਜੋ ਕਸਾਈ ਦੇ ਬੱਕਰੇ ਵਾਂਗ ਕੁਰਬਾਨੀ ਦੇਣ ਲਈ ਤਿਆਰ ਹੋਵੇ, ਭਾਵ ਸਭ ਪ੍ਰਕਾਰ ਦੇ ਹੰਕਾਰ ਅਤੇ ਮਾਣ ਤਿਆਗ ਕੇ ਨਿਮਾਣਾ ਬਣ ਜਾਵੇ।

(18) **ਸਾਹਿਬਾਂ ਗਈ ਤੇਲ ਨੂੰ , ਗਈ ਪਸਾਰੀ ਦੀ ਹੱਟ ।**
**ਫੜ ਨਾ ਜਾਣੇ ਤੱਕੜੀ , ਹਾੜ ਨਾ ਜਾਣੇ ਵੱਟ ।**
**ਤੇਲ ਭੁਲਾਵੇ ਭੁੱਲਾ ਬਾਣੀਆਂ , ਦਿੱਤਾ ਸ਼ਹਿਦ ਉਲੱਟ ।**
**ਵਣਜ ਗਵਾ ਲਿਆ ਬਾਣੀਏ , ਬਲਦ ਗਵਾ ਲਏ ਜੱਟ ।**
**ਤਿੰਨ ਸੈ ਨਾਗਾਂ ਪਿੜ ਰਿਹਾ , ਹੋ ਗਏ ਚੌੜ ਚਪੱਟ ।**
**ਮਿਰਜ਼ਾ ਸਾਹਿਬਾਂ ਦੀ ਦੋਸਤੀ , ਰਹੂ ਵਿਚ ਜਗੱਤ ।**

**ਪ੍ਰਸੰਗ** - ਇਹ ਕਾਵਿ-ਟੋਟਾ 'ਸਾਹਿਤ-ਮਾਲਾ' ਪੁਸਤਕ ਵਿਚ ਦਰਜ ਪੀਲੂ ਦੀ ਰਚਨਾ 'ਮਿਰਜ਼ਾ ਸਾਹਿਬਾਂ' ਵਿੱਚੋਂ ਗਿਆ ਹੈ। ਇਸ ਵਿਚ ਕਵੀ ਨੇ ਮਿਰਜ਼ਾ ਸਾਹਿਬਾਂ ਦੇ ਮਸੀਤ ਵਿਚ ਪੜ੍ਹਦਿਆਂ ਸਮੇਂ ਪਏ ਪਿਆਰ ਤੇ ਸਾਹਿਬਾਂ ਦੀ ਸੁੰਦਰਤਾ ਦਾ ਵਰਣਨ ਕੀਤਾ ਹੈ। ਇਨ੍ਹਾਂ ਸਤਰਾਂ ਵਿਚ ਸਾਹਿਬਾਂ ਦੀ ਸੁੰਦਰਤਾ ਦਾ ਵਰਣਨ ਬੜੇ ਹੀ ਵਧੀਆ ਢੰਗ ਨਾਲ਼ ਕੀਤਾ ਹੈ।

**ਵਿਆਖਿਆ** - ਜਦੋਂ ਸਾਹਿਬਾਂ ਤੇਲ ਲੈਣ ਲਈ ਪੰਸਾਰੀ ਦੀ ਹੱਟੀ ਉੱਤੇ ਗਈ, ਤਾਂ ਉਸ ਦੀ ਅਦਭੁਤ ਸੁੰਦਰਤਾ ਦੇਖ ਕੇ ਪੰਸਾਰੀ ਦੇ ਹੋਸ਼ ਗੁੰਮ ਹੋ ਗਏ। ਉਸ ਨੂੰ ਤੇਲ ਤੋਲਣ ਲਈ ਤੱਕੜੀ ਫੜਨੀ ਤੇ ਧੜਾ ਕਰਨ ਲਈ ਵੱਟਾ ਪਾਉਣਾ ਭੁੱਲ ਗਿਆ। ਉਸ ਨੇ ਤੇਲ ਤੋਲਣ ਲੱਗਿਆਂ

ਭੁਲੇਖੇ ਨਾਲ਼ ਸਾਹਿਬਾਂ ਦੇ ਤੇਲ ਲਈ ਲਿਆਂਦੇ ਭਾਂਡੇ ਵਿਚ ਸ਼ਹਿਦ ਹੀ ਪਾ ਦਿੱਤਾ। ਇਸ ਪ੍ਰਕਾਰ ਸਾਹਿਬਾਂ ਦੀ ਸੁੰਦਰਤਾ ਦੇਖਦਾ ਹੋਇਆ ਬਾਣੀਆ ਆਪਣੇ ਵਪਾਰ ਲਈ ਪਾਇਆ ਸੌਦਾ ਲੁਟਾ ਬੈਠਦਾ ਹੈ ਤੇ ਜੱਟ ਉਸ ਵਲ ਵੇਖਦਾ-ਵੇਖਦਾ ਆਪਣੇ ਬਲਦ ਗੁਆ ਲੈਂਦਾ ਹੈ। ਸਾਹਿਬਾਂ ਉੱਪਰ ਇੰਨਾ ਕਹਿਰ ਦਾ ਹੁਸਨ ਸੀ ਕਿ ਉਸ ਨੂੰ ਦੇਖ ਕੇ ਤੀਵੀਆਂ ਤੋਂ ਸਦਾ ਦੂਰ ਰਹਿਣ ਵਾਲ਼ੇ ਤੇ ਜਤੀ-ਸਤੀ ਕਹਾਉਣ ਵਾਲ਼ੇ ਤਿੰਨ ਸੌ ਨਾਂਗੇ ਸਾਧੂ ਜਿਸ ਥਾਂ ਖੜ੍ਹੇ ਸਨ, ਬੱਸ ਉੱਥੇ ਹੀ ਖੜ੍ਹੇ ਰਹਿ ਗਏ। ਉਨ੍ਹਾਂ ਦਾ ਬ੍ਰਹਮਚਾਰੀ ਧਰਮ ਡੋਲ ਗਿਆ। ਅਜਿਹੀ ਖ਼ੂਬਸੂਰਤ ਸਾਹਿਬਾਂ ਤੇ ਮਿਰਜ਼ੇ ਦੀ ਦੋਸਤੀ ਦੁਨੀਆ ਉੱਪਰ ਸਦਾ ਕਾਇਮ ਰਹੇਗੀ ।

**(19) ਕੱਢ ਕਲੇਜਾ ਲੈ ਗਈ , ਖਾਨ ਖੀਵੇਂ ਦੀ ਧੀ ।**
**ਗਜ਼ ਗਜ਼ ਲੰਮੀਆਂ ਮੇਂਢੀਆਂ , ਰੰਗ ਦੀ ਗੋਰੇ ਸੀ ।**
**ਜਿ ਦੇਵੇ ਪਿਆਲਾ ਜ਼ਹਿਰ ਦਾ , ਮੈਂ ਮਿਰਜ਼ਾ ਲੈਂਦਾ ਪੀ ।**
**ਜਿ ਮਾਰੇ ਬਰਛੀ ਕੱਸ ਕੇ , ਮਿਰਜ਼ਾ ਕਦੀ ਨਾ ਕਰਦਾ ਸੀ ।**
**ਆਪਣੀ ਮੌਤੇ ਮੈਂ ਮਰਾਂ , ਮੇਰੇ ਨਾਲ਼ ਤੁਹਾਨੂੰ ਕੀ ?**

**ਪ੍ਰਸੰਗ** - ਇਹ ਕਾਵਿ-ਟੋਟਾ 'ਸਾਹਿਤ-ਮਾਲਾ' ਪੁਸਤਕ ਵਿਚ ਦਰਜ ਪੀਲੂ ਦੀ ਰਚਨਾ 'ਮਿਰਜ਼ਾ ਸਾਹਿਬਾਂ' ਵਿਚੋਂ ਲਿਆ ਗਿਆ ਹੈ । ਇਸ ਕਿੱਸੇ ਵਿਚ ਕਵੀ ਨੇ ਮਿਰਜ਼ਾ-ਸਾਹਿਬਾਂ ਦੀ ਪ੍ਰੀਤ-ਕਹਾਣੀ ਨੂੰ ਬਿਆਨ ਕੀਤਾ ਹੈ । ਮਿਰਜ਼ੇ ਦੇ ਸਾਹਿਬਾਂ ਨੂੰ ਉਧਾਲਣ ਲਈ ਤੁਰ ਪੈਣ, ਰਸਤੇ ਵਿਚ ਉਸ ਨੂੰ ਪੀਲੂ ਸ਼ਾਇਰ ਦੇ ਮਿਲ਼ਣ ਤੇ ਪੀਲੂ ਦੇ ਉਸ ਨੂੰ ਬਦਸ਼ਗਨੀ ਬਾਰੇ ਦੱਸਣ, ਪਰ ਇਸ਼ਕ ਦੇ ਮਾਰੇ ਮਿਰਜ਼ੇ ਦੇ ਪਿੱਛੇ ਨਾ ਮੁੜਨ ਦਾ ਜ਼ਿਕਰ ਹੈ।

**ਵਿਆਖਿਆ** - ਮਿਰਜ਼ਾ ਕਹਿੰਦਾ ਹੈ ਕਿ ਖੀਵੇ ਖ਼ਾਨ ਦੀ ਧੀ ਸਾਹਿਬਾਂ ਨੇ ਆਪਣੀ ਸੁੰਦਰਤਾ ਨਾਲ਼ ਉਸ ਦਾ ਕਲੇਜਾ ਕੱਢ ਲਿਆ ਹੈ। ਉਸ ਦੀਆਂ ਗਜ਼-ਗਜ਼ ਲੰਮੀਆਂ ਮੇਢੀਆਂ ਤੋਂ ਉਸ ਦੇ ਗੋਰੇ ਰੰਗ ਨੇ ਉਸ ਨੂੰ ਕੀਲ ਕੇ ਰੱਖ ਲਿਆ ਹੈ। ਉਹ ਉਸ ਨੂੰ ਇੰਨੇ ਸਿਦਕ ਤੇ ਦ੍ਰਿੜ੍ਹਤਾ ਨਾਲ਼ ਪਿਆਰ ਕਰਦਾ ਹੈ ਕਿ ਜੇਕਰ ਉਹ ਉਸ ਨੂੰ ਆਪਣੇ ਹੱਥਾਂ ਨਾਲ਼ ਜ਼ਹਿਰ ਦਾ ਪਿਆਲਾ ਪੀਣ ਲਈ ਦੇਵੇ ਤਾਂ ਉਹ ਉਸ ਨੂੰ ਬੜੀ ਖ਼ੁਸ਼ੀ ਨਾਲ਼ ਪੀ ਲਵੇਗਾ। ਜੇਕਰ ਉਹ ਉਸ ਨੂੰ ਆਪਣੇ ਹੱਥਾਂ ਨਾਲ਼ ਕੱਸ ਕੇ ਬਰਛੀ ਮਾਰਨੀ ਚਾਹੇ, ਤਾਂ ਉਹ ਹੱਸ ਕੇ ਉਸ ਦੇ ਅਜਿਹੇ ਵਾਰ ਨੂੰ ਸਹਿ ਲਵੇਗਾ ਤੇ ਕਦੇ ਮੂੰਹੋਂ ਸੀ ਨਹੀਂ ਕਰੇਗਾ। ਉਸ ਨੇ ਜੇਕਰ ਮਰਨਾ ਹੈ, ਤਾਂ ਆਪਣੀ ਮੌਤੇ ਮਰਨਾ ਹੈ। ਕਿਸੇ ਨੂੰ ਉਸ ਦੇ ਮਰਨ 'ਤੇ ਕੋਈ ਦੁੱਖ ਨਹੀਂ ਹੋਣਾ ਚਾਹੀਦਾ, ਕਿਉਂਕਿ ਜ਼ਿੰਦਗੀ ਉਸ ਦੀ ਆਪਣੀ ਹੈ ਤੇ ਇਸ ਨੇ ਜਦੋਂ ਮੌਤ ਆਉਣੀ ਹੈ, ਮਰ ਜਾਣਾ ਹੈ। ਇਸ ਕਰਕੇ ਨਾ ਉਹ ਆਪਣੀ ਮੌਤ ਤੋਂ ਡਰਦਾ ਹੈ ਤੇ ਨਾ ਹੀ ਉਸ ਦੇ ਮਰਨ ਦਾ ਕਿਸੇ ਨੂੰ ਕੋਈ ਦੁਖ ਹੋਣਾ ਚਾਹੀਦਾ ਹੈ।

**(20) ਨਾਜ਼ਕ ਪੈਰ ਗੁਲਾਬ ਸੱਸੀ ਦੇ ਮਹਿੰਦੀ ਨਾਲ਼ ਸ਼ਿੰਗਾਰੇ ।**
**ਆਸ਼ਕ ਵੇਖ ਬਹੇ ਇੱਕ ਵਾਰੀ , ਜੀਉ ਤਿਨ੍ਹਾਂ ਪਰ ਵਾਰੇ ।**
**ਬਾਲੂ ਰੇਤ ਤਪੇ ਵਿਚ ਥਲ ਦੇ , ਭੰਨਣ ਜੌਂ ਭਠਿਆਰੇ ।**
**ਹਾਸ਼ਮ ਵੇਖ ਯਕੀਨ ਜੱਸੀ ਦਾ , ਫੇਰ ਨਹੀਂ ਦਿਲ ਹਾਰੇ ।**

**ਪ੍ਰਸੰਗ** - ਇਹ ਕਾਵਿ-ਟੋਟਾ 'ਸਾਹਿਤ-ਮਾਲਾ' ਪੁਸਤਕ ਵਿਚ ਦਰਜ ਹਾਸ਼ਮ ਸ਼ਾਹ ਦੀ ਰਚਨਾ ਕਿੱਸਾ 'ਸੱਸੀ ਪੁੰਨੂੰ' ਵਿੱਚੋਂ ਲਿਆ ਗਿਆ ਹੈ। ਇਸ ਵਿਚ ਕਵੀ ਨੇ ਸੱਸੀ ਪੁੰਨੂੰ ਦੀ ਪ੍ਰੀਤ-ਕਹਾਣੀ ਦੀ ਉਸ ਘਟਨਾ ਨੂੰ ਬਿਆਨ ਕੀਤਾ ਹੈ, ਜਦੋਂ ਸੱਸੀ ਵਿਛੜੇ ਪੁੰਨੂੰ ਦੀ ਭਾਲ ਵਿਚ ਮਾਰੂਥਲ ਵਿਚ ਅੱਗੇ ਹੀ ਅੱਗੇ ਤੁਰਦੀ ਜਾਂਦੀ ਹੈ। ਇਨ੍ਹਾਂ ਸਤਰਾਂ ਵਿਚ ਕਵੀ ਦੱਸਦਾ ਹੈ ਕਿ ਕਿਸ ਤਰ੍ਹਾਂ ਮਾਰੂਥਲ ਦੀ ਗਰਮੀ ਤੇ ਬਿਰਹੋਂ ਦੀ ਤਪਸ਼ ਸੱਸੀ ਦਾ ਬੁਰਾ ਹਾਲ ਕਰਦੀ ਹੈ, ਪਰੰਤੂ ਉਹ ਸਿਦਕ ਨਹੀਂ ਹਾਰਦੀ।

**ਵਿਆਖਿਆ** - ਮਾਰੂਥਲ ਵਿਚ ਪੁੰਨੂੰ ਦੀ ਡਾਚੀ ਦੀ ਪੈੜ ਨੂੰ ਲੱਭ ਰਹੀ ਸੱਸੀ ਦੇ ਪੈਰ ਗੁਲਾਬ ਵਰਗੇ ਨਾਜ਼ਕ ਤੇ ਸੁੰਦਰ ਹੋਣ ਤੋਂ ਇਲਾਵਾ ਮਹਿੰਦੀ ਨਾਲ਼ ਸ਼ਿੰਗਾਰੇ ਹੋਏ ਸਨ। ਜੇਕਰ ਕੋਈ ਆਸ਼ਕ ਉਨ੍ਹਾਂ ਨੂੰ ਵੇਖ ਲੈਂਦਾ ਸੀ, ਤਾਂ ਉਹ ਉਨ੍ਹਾਂ ਦੀ ਖ਼ਾਤਰ ਜਾਨ ਵਾਰ ਦੇਣ ਲਈ

ਤਿਆਰ ਹੋ ਜਾਂਦਾ ਸੀ। ਮਾਰੂਥਲ ਵਿਚ ਬਾਲੂ ਰੇਤ ਓਨੀ ਤਪ ਰਹੀ ਸੀ, ਜਿੰਨੀ ਤਪਦੀ ਰੇਤ ਵਿਚ ਭਠਿਆਰੇ ਸੌਂ ਭੁੰਨਦੇ ਹਨ ਪਰ ਹਾਸ਼ਮ ਆਖਦਾ ਹੈ, ਸੱਸੀ ਦਾ ਯਕੀਨ ਦੇਖੋ, ਉਹ ਸਿਦਕ ਤੋਂ ਪਿੱਛੇ ਨਹੀਂ ਹਟੀ ਤੇ ਸੜਦੀ ਰੇਤ ਦੇ ਉੱਪਰ ਹੀ ਤੁਰਦੀ ਗਈ।

(21) **ਹੀਰ ਆਖਦੀ ਜੋਗੀਆ ਝੂਠ ਬੋਲੇ , ਕੌਣ ਵਿਛੜੇ ਯਾਰ ਮਿਲਾਉਂਦਾ ਈ ।**
**ਏਹਾ ਕੋਈ ਨਾ ਮਿਲਿਆ , ਮੈਂ ਭਾਲ ਥੱਕੀ , ਜਿਹੜਾ ਗਿਆਂ ਨੂੰ ਮੋੜ ਲਿਆਉਂਦਾ ਈ ।**
**ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ , ਜਿਹੜਾ ਜੀਉ ਦਾ ਰੋਗ ਗਵਾਉਂਦਾ ਈ ।**
**ਭਲਾ ਦੱਸ ਖਾ ਚਿਰੀ ਵਿਛੁੰਨਿਆਂ ਨੂੰ , ਕਦੋਂ ਰੱਬ ਸੱਚਾ ਘਰੀਂ ਲਿਆਉਂਦਾ ਈ ।**

**ਪ੍ਰਸੰਗ** - ਇਹ ਕਾਵਿ-ਟੋਟਾ ਵਾਰਿਸ ਸ਼ਾਹ ਦੇ ਕਿੱਸੇ 'ਹੀਰ' ਵਿੱਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿਚ 'ਹੀਰ ਦਾ ਸਿਦਕ' ਸਿਰਲੇਖ ਹੇਠ ਦਰਜ ਹੈ। ਇਨ੍ਹਾਂ ਸਤਰਾਂ ਵਿਚ ਕਵੀ ਨੇ ਰਾਂਝੇ ਤੋਂ ਵਿਛੜੀ ਹੀਰ ਦੀ ਮਾਨਸਿਕ ਦਸ਼ਾ ਨੂੰ ਬਿਆਨ ਕੀਤਾ ਹੈ। ਇਹ ਸਤਰਾਂ ਹੀਰ ਰਾਂਝੇ ਨੂੰ ਉਦੋਂ ਕਹਿੰਦੀ ਹੈ, ਜਦੋਂ ਉਹ ਜੋਗੀ ਬਣ ਕੇ ਉਨ੍ਹਾਂ ਦੇ ਬੂਹੇ ਅੱਗੇ ਆਉਂਦਾ ਹੈ ਤੇ ਉਸ ਨੂੰ ਆਪਣੀ ਨਨਾਣ ਸਹਿਤੀ ਨਾਲ਼ ਝਗੜਾ ਕਰਦਾ ਦੇਖ ਕੇ ਉਹ ਇਹ ਅੰਦਾਜ਼ਾ ਲਾ ਲੈਂਦੀ ਹੈ ਕਿ ਸ਼ਾਇਦ ਉਹ ਰਾਂਝਾ ਹੀ ਹੋਵੇ।

**ਵਿਆਖਿਆ** - ਹੀਰ ਰਾਂਝੇ ਜੋਗੀ ਨੂੰ ਕਹਿੰਦੀ ਹੈ ਕਿ ਤੂੰ ਝੂਠ ਬੋਲ ਰਿਹਾ ਹੈਂ। ਭਲਾ ਰੁੱਸੇ ਹੋਏ ਯਾਰ ਨੂੰ ਕੌਣ ਮਿਲਾ ਸਕਦਾ ਹੈ। ਮੈਂ ਭਾਲ-ਭਾਲ ਕੇ ਥੱਕ ਗਈ ਹਾਂ। ਮੈਨੂੰ ਅਜਿਹਾ ਕੋਈ ਨਹੀਂ ਮਿਲਿਆ, ਜਿਹੜਾ ਵਿਛੜੇ ਯਾਰ ਨੂੰ ਮੋੜ ਲਿਆਵੇ। ਮੈਂ ਕਹਿੰਦੀ ਹਾਂ ਕਿ ਜਿਹੜਾ ਮੇਰੇ ਦਿਲ ਦੇ ਰੋਗ ਨੂੰ ਗੁਆ ਦੇਵੇ, ਅਰਥਾਤ ਜਿਹੜਾ ਮੈਨੂੰ ਮੇਰੇ ਪ੍ਰੇਮੀ ਨਾਲ਼ ਮਿਲਾ ਦੇਵੇ, ਉਹ ਭਾਵੇਂ ਮੇਰੇ ਚੰਮ ਦੀਆਂ ਜੁੱਤੀਆਂ ਬਣਵਾ ਕੇ ਪਾ ਲਵੇ, ਮੈਂ ਤਾਂ ਵੀ ਸੀ ਨਹੀਂ ਕਰਾਂਗੀ। ਉਹ ਰਾਂਝੇ ਜੋਗੀ ਨੂੰ ਕਹਿੰਦੀ ਹੈ ਕਿ ਤੂੰ ਮੈਨੂੰ ਦੱਸ ਕਿ ਸੱਚਾ ਰੱਬ ਮੇਰੇ ਚਿਰ ਦੇ ਵਿਛੜੇ ਯਾਰ ਨੂੰ ਕਦੋਂ ਮੇਰੇ ਕੋਲ ਲਿਆਵੇਗਾ? ਇਹ ਸਤਰਾਂ ਕਹਿ ਕੇ ਹੀਰ ਰਾਂਝੇ ਅੱਗੇ ਆਪਣੇ ਸਿਦਕ ਨੂੰ ਪੂਰੀ ਤਰ੍ਹਾਂ ਪ੍ਰਗਟ ਕਰ ਦਿੰਦੀ ਹੈ।

(22) **ਚੋਟ ਪਈ ਖਰਚਾਮੀ ਦਲਾਂ ਮੁਕਾਬਲਾ ।**
**ਘੇਰ ਲਈ ਵਰਿਆਮੀ ਦੁਰਗਾ ਆਇ ਕੈ ।**
**ਰਾਕਸ ਵੱਡੇ ਅਲਾਮੀ ਭੱਜ ਨਾ ਜਾਣਦੇ ।**
**ਅੰਤ ਹੋਏ ਸੁਰਗਾਮੀ ਮਾਰੇ ਦੇਵਤਾ ।**

**ਪ੍ਰਸੰਗ** - ਇਹ ਕਾਵਿ-ਟੋਟਾ 'ਸਾਹਿਤ-ਮਾਲਾ' ਪੁਸਤਕ ਵਿਚ ਦਰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਚੰਡੀ ਦੀ ਵਾਰ' ਵਿਚੋਂ ਲਿਆ ਗਿਆ ਹੈ। ਇਸ ਵਾਰ ਵਿਚ ਗੁਰੂ ਜੀ ਨੇ ਦੁਰਗਾ ਦੇਵੀ ਦੀ ਅਗਵਾਈ ਵਿੱਚ ਲੜਦੇ ਦੇਵਤਿਆਂ ਅਤੇ ਰਾਕਸ਼ਾਂ ਦੇ ਮਿਥਿਹਾਸਿਕ ਯੁੱਧ ਦਾ ਵਰਣਨ ਕੀਤਾ ਹੈ। ਇਨ੍ਹਾਂ ਸਤਰਾਂ ਵਿਚ ਗੁਰੂ ਜੀ ਨੇ ਰਾਕਸ਼ਾਂ ਦੀ ਬਹਾਦਰੀ ਨੂੰ ਚਿਤਰਿਆ ਹੈ।

**ਵਿਆਖਿਆ** - ਜੰਗ ਦੇ ਮੈਦਾਨ ਵਿਚ ਖੋਤੇ ਦੇ ਚੰਮ ਨਾਲ਼ ਮੜੇ ਨਗਾਰਿਆਂ ਉੱਪਰ ਸੱਟਾਂ ਪਈਆਂ ਤੇ ਫ਼ੌਜਾਂ ਵਿਚ ਮੁਕਾਬਲਾ ਹੋਣ ਲੱਗਾ। ਬਹਾਦਰ ਰਾਕਸ਼ਾਂ ਨੇ ਦੁਰਗਾ ਨੂੰ ਘੇਰਾ ਪਾ ਲਿਆ। ਰਾਕਸ਼ ਜੋ ਕਿ ਭਾਰੀ ਯੋਧੇ ਸਨ, ਮੈਦਾਨ ਵਿਚੋਂ ਭੱਜਣਾ ਨਹੀਂ ਸਨ ਜਾਣਦੇ। ਉਹ ਦੁਰਗਾ ਦੇਵੀ ਵਿਰੁੱਧ ਜੰਗ ਲਈ ਡਟ ਗਏ। ਦੁਰਗਾ ਦੇਵੀ ਨੇ ਟਾਕਰਾ ਕਰ ਰਹੇ ਰਾਕਸ਼ਾਂ ਨੂੰ ਮਾਰ ਦਿੱਤਾ ਤੇ ਉਹ ਸਵਰਗਾਂ ਨੂੰ ਚਲੇ ਗਏ।

(23) **ਧੁੱਸਾ ਵੱਜਿਆ ਕੂਚ ਦਾ ਹੁਕਮ ਹੋਇਆ , ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ ।**
**ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ , ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ ।**
**ਚੜ੍ਹੇ ਸਭ ਮਝੈਲ , ਦੁਆਬੀਏ ਜੀ , ਜਿਨ੍ਹਾਂ ਕਿਲ੍ਹੇ ਨਿਵਾਏ ਸੀ ਢੇਰ ਮੀਆਂ ।**
**ਸ਼ਾਹ ਮੁਹੰਮਦਾ ਤੁਰੇ ਜਮੂਰਖ਼ਾਨੇ , ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ ।**

**ਪ੍ਰਸੰਗ** - ਇਹ ਕਾਵਿ-ਟੋਟਾ ਸ਼ਾਹ ਮੁਹੰਮਦ ਦੀ ਪ੍ਰਸਿੱਧ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਵਿਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿਚ 'ਸਿੰਘਾਂ ਦੀ ਚੜ੍ਹਤ' ਸਿਰਲੇਖ ਹੇਠ ਦਰਜ ਹੈ। ਇਸ ਜੰਗਨਾਮੇ ਵਿਚ ਕਵੀ ਨੇ ਮਹਾਰਾਜਾ ਰਣਜੀਤ

ਸਿੰਘ ਦੀ ਮੌਤ ਮਗਰੋਂ ਸਿੱਖ ਦਰਬਾਰ ਵਿਚ ਫੈਲੀ ਬੁਰਛਾਗਰਦੀ, ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਅੰਤ ਅੰਗਰੇਜ਼ਾਂ ਦੀ ਜਿੱਤ ਦਾ ਹਾਲ ਬੜੇ ਕਰੁਣਾਮਈ ਢੰਗ ਨਾਲ਼ ਬਿਆਨ ਕੀਤਾ ਹੈ।

**ਵਿਆਖਿਆ** - ਜਦੋਂ ਸਿੱਖ ਫ਼ੌਜਾਂ ਨੂੰ ਅੰਗਰੇਜ਼ਾਂ ਵਿਰੁੱਧ ਚੜਾਈ ਕਰਨ ਦਾ ਹੁਕਮ ਹੋਇਆ, ਤਾਂ ਫ਼ੌਜਾਂ ਨਗਾਰਾ ਵਜਾ ਕੇ, ਲੜਾਈ ਲਈ ਚਲ ਪਈਆਂ। ਸਿੱਖ ਫ਼ੌਜਾਂ ਦੇ ਵੱਡੇ-ਵੱਡੇ ਸੂਰਮੇ ਤੇ ਦਲੇਰ ਜਵਾਨਾਂ ਨੇ ਅੰਗਰੇਜ਼ਾਂ ਵਿਰੁੱਧ ਚੜ੍ਹਾਈ ਕਰ ਦਿੱਤੀ। ਇਸ ਫ਼ੌਜ ਵਿਚ ਸ਼ਾਮਲ ਵੱਡੇ-ਵੱਡੇ ਸਰਦਾਰਾਂ ਦੇ ਸੁੰਦਰ ਤੇ ਜਵਾਨ ਪੁੱਤਰ ਇਸ ਤਰ੍ਹਾਂ ਦਿਖਾਈ ਦਿੰਦੇ ਸਨ, ਜਿਵੇਂ ਜੰਗਲ ਵਿੱਚੋਂ ਸ਼ੇਰ ਨਿਕਲਦੇ ਹਨ। ਇਨ੍ਹਾਂ ਫ਼ੌਜਾਂ ਵਿਚ ਮਾਝੇ ਅਤੇ ਦੁਆਬੇ ਦੇ ਉਹ ਬਹਾਦਰ ਵੀ ਸ਼ਾਮਲ ਸਨ, ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਜਿਉਂਦਿਆਂ ਵੱਡੇ-ਵੱਡੇ ਕਿਲ੍ਹਿਆਂ ਨੂੰ ਫ਼ਤਹਿ ਕੀਤਾ ਸੀ। ਫ਼ੌਜ ਦੇ ਨਾਲ਼ ਜਮੂਰਖਾਨਾ ਵੀ ਚਲ ਪਿਆ ਤੇ ਇਸ ਤਰ੍ਹਾਂ ਜਦੋਂ ਸਿੱਖ ਫ਼ੌਜਾਂ ਨੂੰ ਚੜ੍ਹਾਈ ਕਰਨ ਦਾ ਹੁਕਮ ਹੋਇਆ, ਤਾਂ ਉਨ੍ਹਾਂ ਤੁਰਦਿਆਂ ਜ਼ਰਾ ਵੀ ਦੇਰ ਨਾ ਲਾਈ।

**(24) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ , ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ ।**
**ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ , ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ ।**
**ਘੋੜੇ ਆਦਮੀ ਗੋਲਿਆਂ ਨਾਲ਼ ਉੱਡਣ , ਹਾਥੀ ਢਹਿੰਦੇ ਸੁਣੇ ਅੰਬਾਰੀਆਂ ਨੀ ।**
**ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ , ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ ।**

**ਪ੍ਰਸੰਗ** - ਇਹ ਕਾਵਿ-ਟੋਟਾ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਵਿਚੋਂ ਲਿਆ ਗਿਆ ਹੈ, ਜੋ ਕਿ 'ਸਾਹਿਤ-ਮਾਲਾ' ਪੁਸਤਕ ਵਿਚ 'ਜੰਗ ਦਾ ਹਾਲ' ਸਿਰਲੇਖ ਹੇਠ ਦਰਜ ਹੈ। ਇਸ ਜੰਗਨਾਮੇ ਵਿਚ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਸਿੱਖ ਦਰਬਾਰ ਵਿਚ ਫੈਲੀ ਬੁਰਛਾਗਰਦੀ ਅਤੇ ਅੰਗਰੇਜ਼ਾਂ ਤੇ ਸਿੰਘਾਂ ਦੀਆਂ ਲੜਾਈਆਂ ਦਾ ਵਰਣਨ ਕੀਤਾ ਹੈ। ਇਨ੍ਹਾਂ ਸਤਰਾਂ ਵਿਚ ਕਵੀ ਸਿੱਖ ਫ਼ੌਜਾਂ ਦੀ ਹਾਰ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ।

**ਵਿਆਖਿਆ** - ਸ਼ਾਹ ਮੁਹੰਮਦ ਸਿੰਘਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਸੰਬੰਧੀ ਆਪਣਾ ਫੈਸਲਾ ਦਿੰਦਾ ਹੋਇਆ ਕਹਿੰਦਾ ਹੈ ਕਿ ਇਹ ਹਿੰਦੁਸਤਾਨ ਤੇ ਪੰਜਾਬ ਦਾ ਜੰਗ ਸੀ। ਅੰਗਰੇਜ਼ੀ ਰਾਜ ਤੇ ਸਿੱਖ ਰਾਜ-ਦੋਹਾਂ ਬਾਦਸ਼ਾਹੀਆਂ ਦੀਆਂ ਫ਼ੌਜਾਂ ਬਹੁਤ ਭਾਰੀਆਂ ਸਨ। ਖ਼ਾਲਸਾ ਫ਼ੌਜ ਇੰਨੀ ਬਹਾਦਰੀ ਨਾਲ਼ ਲੜੀ ਕਿ ਜੇਕਰ ਮਹਾਰਾਜਾ ਰਣਜੀਤ ਸਿੰਘ ਜਿਉਂਦਾ ਹੁੰਦਾ, ਤਾਂ ਉਹ ਖੁਸ਼ ਕੇ ਸਿੰਘਾਂ ਨੂੰ ਭਾਰੀ ਇਨਾਮ ਦੇ ਕੇ ਉਨ੍ਹਾਂ ਦੀ ਬਹਾਦਰੀ ਦਾ ਮੁੱਲ ਪਾਉਂਦਾ। ਜੰਗ ਇੰਨੀ ਭਿਆਨਕ ਸੀ ਕਿ ਆਦਮੀ ਗੋਲੀਆਂ ਨਾਲ਼ ਹੀ ਉੱਡਦੇ ਜਾ ਰਹੇ ਸਨ ਤੇ ਹਾਥੀ ਆਪਣੇ ਹੌਦਿਆਂ ਸਮੇਤ ਹੀ ਢਹਿ ਰਹੇ ਸਨ। ਕਵੀ ਆਖਦਾ ਹੈ ਕਿ ਖ਼ਾਲਸਾ ਫ਼ੌਜਾਂ ਤਾਂ ਜਿੱਤੀਆਂ ਪਈਆਂ ਸਨ, ਪਰ ਉਨ੍ਹਾਂ ਦੀ ਹਾਰ ਕੇਵਲ ਇਸ ਕਾਰਨ ਹੋਈ ਕਿਉਂਕਿ ਉਨ੍ਹਾਂ ਦੀ ਅਗਵਾਈ ਮਹਾਰਾਜਾ ਰਣਜੀਤ ਸਿੰਘ ਵਰਗੇ ਬਹਾਦਰਾਂ ਦੇ ਕਦਰਦਾਨ ਵਿਅਕਤੀ ਦੇ ਹੱਥ ਵਿਚ ਨਹੀਂ ਸੀ।

**ਪ੍ਰਸ਼ਨ 4. ਦਿੱਤੀਆਂ ਦੋ ਕਵਿਤਾਵਾਂ ਵਿੱਚੋਂ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਲੋੜੀਂਦੀ ਸਮੱਗਰੀ। ਅੰਕ - 4**

**1. ਪਵਣੁ ਗੁਰੂ ਪਾਣੀ ਪਿਤਾ -** ਜੀਵ ਸੰਸਾਰ ਰੂਪੀ ਰੰਗ-ਭੂਮੀ ਤੇ ਆਪਣੀ ਖੇਡ ਖੇਡਦੇ ਹਨ। ਧਰਮਰਾਜ ਉਨ੍ਹਾਂ -ਭੂਮੀ ਉੱਤੇ ਜੀਵ ਆਪੋ-ਦੁਆਰਾ ਕੀਤੇ ਕੰਮਾਂ ਦੀ ਪੜਤਾਲ ਕਰਦਾ ਹੈ, ਜਿਸ ਅਨੁਸਾਰ ਮਨੁੱਖ ਪਰਮਾਤਮਾ ਦੇ ਨੇੜੇ ਜਾਂ ਦੂਰ ਹੋ ਜਾਂਦੇ ਹਨ। ਜਿਨ੍ਹਾਂ ਨੇ ਸਿਮਰਨ ਦੀ ਖੇਡ ਖੇਡੀ ਹੈ, ਉਹ ਆਪਣੀ ਮਿਹਨਤ ਸਫ਼ਲ ਕਰ ਜਾਂਦੇ ਹਨ ਅਤੇ ਕਈ ਹੋਰ ਜੀਵਾਂ ਨੂੰ ਵੀ ਠੀਕ ਰਾਹ 'ਤੇ ਪਾਉਂਦੇ ਹੋਏ ਪ੍ਰਭੂ ਦੀ ਹਜ਼ੂਰੀ ਵਿੱਚ ਸੁਰਖਰੂ ਹੋ ਜਾਂਦੇ ਹਨ।

**2. ਸੋ ਕਿਉ ਮੰਦਾ ਆਖੀਐ -** ਮਨੁੱਖੀ ਜੀਵਨ ਦਾ ਜਨਮ ਤੋਂ ਮਰਨ ਤੱਕ ਦਾ ਇਸਤਰੀ ਨਾਲ਼ ਨਾਤਾ ਜੁੜਿਆ ਹੈ। ਇਸਤਰੀ ਤੋਂ ਬਾਹਰ ਕੇਵਲ ਪਰਮਾਤਮਾ ਹੈ , ਕੋਈ ਵੀ ਇਸਤਰੀ ਪੁਰਸ਼ ਨਹੀਂ । ਰਾਜੇ ਵੀ ਇਸਤਰੀ ਤੋਂ ਜਨਮ ਲੈਂਦੇ ਹਨ । ਸਾਨੂੰ ਇਸਤਰੀ ਨੂੰ ਕਦੇ ਵੀ ਮੰਦਾ ਨਹੀਂ ਬੋਲਣਾ ਚਾਹੀਦਾ।

**3. ਗਗਨ ਮੈ ਥਾਲੁ -** ਸਾਰੀ ਕੁਦਰਤ ਹਰ ਸਮੇਂ ਸਰਗੁਣ ਤੇ ਨਿਰਗੁਣ ਸਰੂਪ ਵਾਲ਼ੇ ਪ੍ਰਭੂ ਦੀ ਆਰਤੀ ਉਤਾਰਨ ਦੇ ਆਹਰ ਵਿੱਚ ਲੱਗੀ ਹੋਈ ਹੈ। ਜੀਵ ਪ੍ਰਭੂ ਦੇ ਚਰਨਾਂ ਨਾਲ਼ ਜੁੜ ਕੇ ਉਸ ਦੀ ਕਿਰਪਾ ਨਾਲ਼ ਪ੍ਰਾਪਤ ਹੋਈ ਗੁਰੂ ਦੀ ਸਿੱਖਿਆ ਅਨੁਸਾਰ ਜਦੋਂ ਸਾਰੇ ਜੀਵਾਂ ਵਿੱਚ ਪ੍ਰਭੂ ਦੀ ਜੋਤ ਨੂੰ ਵਸਦੀ ਅਨੁਭਵ ਕਰ ਕੇ ਉਸ ਦੇ ਭਾਣੇ ਵਿੱਚ ਚਲਦਾ ਹੈ , ਤਾਂ ਉਹ ਵੀ ਕੁਦਰਤ ਦੁਆਰਾ ਉਤਾਰੀ ਜਾ ਰਹੀ ਆਰਤੀ ਵਿੱਚ ਸ਼ਾਮਲ ਹੋ ਜਾਂਦਾ ਹੈ।

**4. ਅਨੰਦ ਭਇਆ ਮੇਰੀ ਮਾਏ -** ਪਰਮਾਤਮਾ ਦੀ ਮਿਹਰ ਨਾਲ਼ ਜਦੋਂ ਮਨੁੱਖ ਨੂੰ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਸ ਦੇ ਉਪਦੇਸ਼ ਨਾਲ਼ ਮਨੁੱਖ ਦੀ ਮਾਇਆ ਦੀ ਭਟਕਣਾ ਦੂਰ ਹੁੰਦੀ ਹੈ। ਉਸ ਦੀ ਦੁੱਖਾਂ-ਕਲੇਸ਼ਾਂ ਤੋਂ ਨਵਿਰਤੀ ਹੁੰਦੀ ਹੈ ਤੇ ਪ੍ਰਭੂ ਦੀ ਸਿਫ਼ਤ-ਸਾਲਾਹ ਵਿੱਚ ਜੁੜਿਆ ਮਨ ਅਡੋਲ ਅਨੰਦ ਦੀ ਪ੍ਰਾਪਤ ਅਵਸਥਾ ਵਿੱਚ ਟਿਕ ਜਾਂਦਾ ਹੈ।

**5. ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ -** ਪਰਮਾਤਮਾ ਹੀ ਸਭ ਜੀਵਾਂ ਦਾ ਅਸਲ ਮਾਤਾ-ਪਿਤਾ ਅਤੇ ਸਾਕ-ਸਬੰਧੀ ਹੈ। ਪਰਮਾਤਮਾ ਨੇ ਸਾਰੇ ਜੀਵਾਂ ਨੂੰ ਪੈਦਾ ਕਰਕੇ ਵੱਖ-ਵੱਖ ਕੰਮਾਂ-ਕਾਰਾਂ ਵਿੱਚ ਲਾਇਆ ਹੈ। ਉਸ ਦਾ ਨਾਮ ਧਿਆਉਣ ਨਾਲ਼ ਮਹਾਂ-ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਵਿਕਾਰਾਂ ਦਾ ਔਖਾ ਘੋਲ ਜਿੱਤਿਆ ਜਾ ਸਕਦਾ ਹੈ।

**6. ਮਿਠ ਬੋਲੜਾ ਜੀ ਹਰਿ ਸਜਣੁ -** ਉਸ ਮਾਲਕ-ਪਰਮਾਤਮਾ ਦਾ ਸੁਭਾਅ ਬਹੁਤ ਮਿੱਠਾ ਹੈ ।ਉਹ ਹਰ ਜੀਵ ਵਿੱਚ ਵਸਦਾ ਹੈ ਅਤੇ ਸਾਰਿਆਂ ਨੂੰ ਆਤਮਿਕ ਸਾਂਤੀ ਭਰਪੂਰ ਜੀਵਨ ਦੇਣ ਵਾਲ਼ਾ ਹੈ ।ਉਸ ਦੇ ਦਰਸ਼ਨ ਕਰਨ ਨਾਲ਼ ਜੀਵਾਂ ਨੂੰ ਸਾਂਤੀ ਮਿਲ਼ਦੀ ਹੈ ।ਉਹ ਕਣ-ਕਣ ਵਿੱਚ ਵਸਦਾ ਹੈ ਅਤੇ ਉਸ ਦਾ ਧਿਆਨ ਧਰ ਕੇ ਮਨੁੱਖ ਸੰਸਾਰ-ਸਮੁੰਦਰ ਨੂੰ ਪਾਰ ਕਰ ਸਕਦਾ ਹੈ।

**7. ਮੇਰਾ ਮਨੁ ਲੋਚੈ ਗੁਰਦਰਸਨ ਤਾਈ -** ਇੱਕ ਗੁਰਸਿੱਖ ਮਨੁੱਖ ਗੁਰੂ ਦੇ ਵਿਛੋੜੇ ਵਿੱਚ ਬੇਕਰਾਰ ਹੁੰਦਾ ਹੈ ਅਤੇ ਉਸ ਦਾ ਮਿਲਾਪ ਪ੍ਰਾਪਤ ਕਰਨ ਲਈ ਤੜਫਦਾ ਹੈ। ਪ੍ਰਭੂ ਦੀ ਕਿਰਪਾ ਨਾਲ਼ ਉਸ ਨੂੰ ਗੁਰੂ ਦਾ ਮਿਲਾਪ ਪ੍ਰਾਪਤ ਹੁੰਦਾ ਹੈ ਅਤੇ ਗੁਰੂ ਦੀ ਸਿੱਖਿਆ ਉੱਤੇ ਚੱਲ ਕੇ ਉਸ ਨੂੰ ਪਰਮਾਤਮਾ ਦਾ ਮਿਲਾਪ ਪ੍ਰਾਪਤ ਹੁੰਦਾ ਹੈ, ਜੋ ਕਿ ਬਹੁਤ ਆਨੰਦਮਈ ਹੁੰਦਾ ਹੈ।

**8. ਸਤਿਗੁਰ ਨਾਨਕ ਪ੍ਰਗਟਿਆ -** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ਼ ਸੰਸਾਰ ਵਿੱਚ ਪਸਰਿਆ ਅਗਿਆਨਤਾ ਦਾ ਹਨੇਰਾ ਅਤੇ ਪਾਪਾਂ ਦਾ ਨਾਸ਼ ਹੋ ਗਿਆ। ਗੁਰੂ ਜੀ ਨੇ ਥਾਂ-ਥਾਂ ਜਾ ਕੇ ਸੱਚ ਤੇ ਧਰਮ ਦਾ ਪ੍ਰਚਾਰ ਕੀਤਾ। ਇਸ ਪ੍ਰਕਾਰ ਗੁਰੂ ਜੀ ਨੇ ਚਾਰੇ ਦਿਸ਼ਾਵਾਂ ਅਤੇ ਨੌ ਖੰਡ ਪ੍ਰਿਥਵੀ ਨੂੰ ਤਾਰ ਦਿੱਤਾ।

**9. ਦੇਖਿ ਪਰਾਈਆ ਚੰਗੀਆ -** ਉੱਚੇ ਨੈਤਿਕ ਗੁਣਾਂ ਦਾ ਮਾਲਕ ਗੁਰਸਿੱਖ ਜੋ ਗੁਣ ਉਸ ਨੂੰ ਸਾਧ-ਸੰਗਤ ਤੋਂ ਪ੍ਰਾਪਤ ਹੁੰਦੇ ਹਨ, ਜਿੰਨ੍ਹਾਂ ਨੈਤਿਕ ਗੁਣਾਂ ਕਾਰਨ ਉਹ ਪਰਾਈਆਂ ਇਸਤਰੀਆਂ ਨੂੰ ਮਾਵਾਂ, ਧੀਆਂ ਅਤੇ ਭੈਣਾਂ ਸਮਝਦਾ ਹੈ ਅਤੇ ਪਰਾਏ ਹੱਕ, ਪਰਿਵਾਰਿਕ ਮੋਹ, ਹੰਕਾਰ ਤੇ ਉਸਤਤ ਨਿੰਦਿਆ ਤੋਂ ਬਚਦਾ ਹੈ। ਉਹ ਸੁੱਖ-ਫਲ ਨੂੰ ਪ੍ਰਾਪਤ ਕਰਦਾ ਹੈ ਤੇ ਰਾਜ-ਯੋਗ ਦਾ ਆਨੰਦ ਮਾਣਦਾ ਹੈ।

**10. ਸਭੁ ਕਿਛੁ ਮੇਰਾ ਤੂੰ -** ਮਨੁੱਖ ਦੀ ਆਪਣੀ ਕੋਈ ਵੀ ਹਸਤੀ ਨਹੀਂ ਹੈ, ਸਗੋਂ ਜੋ ਕੁਝ ਹੈ ਪਰਮਾਤਮਾ ਆਪ ਹੀ ਹੈ ਅਤੇ ਉਸ ਦੇ ਅੰਦਰ ਅਤੇ ਬਾਹਰ ਹਰ ਜਗ੍ਹਾ ਵਸਦਾ ਹੈ। ਉਸ ਦੇ ਸਰੀਰ ਦਾ ਤਾਣਾ-ਬਾਣਾ ਪਰਮਾਤਮਾ ਆਪ ਹੀ ਹੈ।

**11. ਸਾਈਂ ਜਿਨ੍ਹਾਂ ਵਲ -** ਜਿਨਾਂ ਤੇ ਰੱਬ ਦੀ ਮਿਹਰ ਹੁੰਦੀ ਹੈ, ਉਨ੍ਹਾਂ ਨੂੰ ਕੋਈ ਗ਼ਮ ਜਾਂ ਡਰ-ਭੈਅ ਨਹੀਂ ਹੁੰਦਾ, ਪਰ ਇਸ ਅਵਸਥਾ ਨੂੰ ਉਹ ਹੀ ਪ੍ਰਾਪਤ ਕਰਦੇ ਹਨ, ਜਿਹੜੇ ਰੱਬ ਦੇ ਇਸ਼ਕ ਦਾ ਵਣਜ-ਵਪਾਰ ਕਰਦੇ ਹਨ।

**12. ਆਪਿ ਨੂੰ ਪਛਾਣੁ -** ਮਨੁੱਖ ਨੂੰ ਸਿਰ ’ਤੇ ਚੜ੍ਹੀ ਖੜ੍ਹੀ ਆਪਣੀ ਮੌਤ ਦਾ ਖਿਆਲ ਕਰਦਿਆਂ ਨਸ਼ਟ ਹੋਣ ਵਾਲ਼ੇ ਸੰਸਾਰਿਕ ਪਦਾਰਥਾਂ ਅਤੇ ਆਪਣੇ ਹੰਕਾਰ ਦਾ ਤਿਆਗ ਕਰਕੇ ਆਪਣੇ ਆਪ ਦੀ ਪਹਿਚਾਣ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਉਸ ਨੂੰ ਪਰਮਾਤਮਾ ਦੇ ਨਾਲ਼ ਮਿਲ਼ਣਾ ਸੌਖਾ ਹੋ ਜਾਵੇਗਾ।

**13. ਤੇਰਾ ਨਾਮ ਧਿਆਈਦਾ ਸਾਈਂ -** ਮਨੁੱਖ ਨੂੰ ਪਰਮਾਤਮਾ ਦਾ ਨਾਮ ਧਿਆਉਣਾ ਚਾਹੀਦਾ ਹੈ ਅਤੇ ਨਿਰਮਾਣਤਾ ਨੂੰ ਧਾਰਨ ਕਰਕੇ ਹੀ ਰੱਖਣਾ ਚਾਹੀਦਾ ਹੈ ਕਿਉਂਕਿ ਪਰਮਾਤਮਾ ਦੇ ਇਸ਼ਕ ਵਿੱਚ ਜਾਨ ਦੀ ਬਾਜ਼ੀ ਲਾ ਕੇ ਹੀ ਉਹ ਪਰਮਾਤਮਾ ਨੂੰ ਪਾ ਸਕਦਾ ਹੈ।

**14. ਹੀਰ ਦਾ ਸਿਦਕ** - ਹੀਰ ਰਾਂਝੇ ਦੇ ਵਿਛੋੜੇ ਵਿੱਚ ਬੁਰੀ ਤਰ੍ਹਾਂ ਬੇਹਾਲ ਸੀ ਅਤੇ ਉਹ ਉਸ ਦਾ ਮਿਲਾਪ ਪ੍ਰਾਪਤ ਕਰਨ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਸੀ।

**15. ਮਾਂ ਪੁੱਤਰ ਦਾ ਮੇਲ** - ਸਿਆਲਕੋਟ ਵਿਖੇ ਆਪਣੇ ਬਾਗ਼ ਵਿੱਚ ਬੈਠੇ ਪੂਰਨ ਭਗਤ ਦੀ ਪ੍ਰਸਿੱਧੀ ਫੈਲਣ ਨਾਲ਼ ਉਸ ਦੀ ਅੰਨ੍ਹੀ ਹੋਈ ਮਾਂ ਇੱਛਰਾਂ ਡਿੱਗਦੀ-ਢਹਿੰਦੀ ਉਸ ਨੂੰ ਮਿਲ਼ਣ ਆਈ ਤੇ ਮਾਂ ਨੇ ਉਸ ਦੀ ਅਵਾਜ਼ ਪਛਾਣ ਕੇ ਉਸ ਦਾ ਖ਼ਾਨਦਾਨ ਪੁੱਛਿਆ। ਪੂਰਨ ਦੇ ਅਸਲੀਅਤ ਦੱਸਣ 'ਤੇ ਮਾਤਾ ਦੀ ਨਜ਼ਰ ਪਰਤ ਆਈ ਤੇ ਇਸ ਤਰ੍ਹਾਂ ਮਾਂ-ਪੁੱਤਰ ਦਾ ਮੇਲ ਹੋ ਗਿਆ।

**16. ਕਿੱਸਾ ਸੱਸੀ ਪੁੰਨੂੰ** - ਆਪਣੇ ਪ੍ਰੀਤਮ ਤੋਂ ਵਿਛੜ ਕੇ ਸੱਸੀ ਉਸ ਦਾ ਪਿੱਛਾ ਕਰਨ ਲਈ ਉਸ ਦੀ ਡਾਚੀ ਦੀ ਪੈੜ ਲੱਭਦੀ ਹੋਈ ਤਪਦੇ ਮਾਰੂਥਲ ਵਿੱਚ ਚੱਲ ਪਈ ਤੇ ਉੱਥੇ ਹੀ ਗਰਮੀ ਵਿੱਚ ਉਸ ਦੀ ਮੌਤ ਹੋ ਗਈ। ਉਹ ਰੱਬ ਦਾ ਲੱਖ-ਲੱਖ ਸ਼ੁਕਰਾਨਾ ਕਰ ਰਹੀ ਸੀ ਕਿ ਉਹ ਇਸ਼ਕ ਵਿਚ ਪੂਰੀ ਉੱਤਰੀ ਹੈ।

**17. ਚੰਡੀ ਦੀ ਵਾਰ** - ਦੇਵਤਿਆਂ ਦੀ ਅਗਵਾਈ ਕਰ ਰਹੀ ਦੁਰਗਾ ਦੇਵੀ ਨੇ ਲੜਾਈ ਵਿਚ ਰਾਕਸ਼ਾਂ ਉੱਪਰ ਜਿੱਤ ਪ੍ਰਾਪਤ ਕੀਤੀ, ਜਿਸ ਤੋਂ ਸਿੱਧ ਹੁੰਦਾ ਹੈ ਕਿ ਬਦੀ ਸਦਾ ਹਾਰਦੀ ਹੈ ਤੇ ਨੇਕੀ ਦੀ ਸਦਾ ਜਿੱਤ ਹੁੰਦੀ ਹੈ।

**18. ਜੰਗ ਦਾ ਹਾਲ** - ਸਿੰਘਾਂ ਦੀਆਂ ਫ਼ੌਜਾਂ ਨੇ ਲੜਾਈ ਵਿਚ ਅੰਗਰੇਜ਼ਾਂ ਨੂੰ ਕਰਾਰੇ ਹੱਥ ਦਿਖਾਏ, ਪਰ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਕਾਰਨ ਉਨ੍ਹਾਂ ਦੀ ਹਾਰ ਹੋ ਗਈ।

**ਪ੍ਰਸ਼ਨ 5. ਵਾਰਤਕ ਭਾਗ ਦੇ ਦੋ ਲੇਖਾਂ ਵਿੱਚੋਂ ਇੱਕ ਦਾ ਸਾਰ ਲਿਖਣ ਲਈ ਲੋੜੀਂਦੀ ਸਮੱਗਰੀ। ਅੰਕ - 5**

## ਰਬਾਬ ਮੰਗਾਉਨ ਦਾ ਵਿਰਤਾਂਤ- ਗਿ: ਦਿੱਤ ਸਿੰਘ

ਗੁਰੂ ਨਾਨਕ ਦੇਵ ਜੀ ਵੇਦੀ ਖੱਤਰੀ ਜਾਤ ਨਾਲ ਸੰਬੰਧਤ ਅਤੇ ਭਲਿਆਂ ਦੇ ਪੁੱਤ-ਪੋਤੇ, ਖਾਣਾ-ਪੀਣਾ ਅਤੇ ਪਹਿਨਣਾ ਭੁੱਲ ਕੇ ਜੰਗਲ ਵਿੱਚ ਬੈਠ ਕੇ ਨਾਲ ਮਰਦਾਨੇ 'ਡੂੰਮ' ਨੂੰ ਸਾਥੀ ਬਣਾ ਲਿਆ ਅਤੇ ਹਿੰਦੂ ਮੁਸਲਮਾਨਾਂ ਤੋਂ ਵੱਖਰੀ ਚਾਲ ਚੱਲ ਕੇ ਕਰਤਾਰ ਦੇ ਗੁਣ-ਗਾਉਂਦਿਆਂ ਦੇਖ ਕੇ ਲੋਕ 'ਕੁਰਾਹੀਆ' ਕਹਿਣ ਲੱਗ ਪਏ। ਦੂਜੇ ਪਾਸੇ ਅਕਾਲ-ਪੁਰਖ ਦੀ ਮਹਿਮਾਂ ਵਿੱਚ ਨਿੱਤ ਨਵਾਂ ਸ਼ਬਦ ਗਾਉਣ ਵਾਲ਼ੇ ਗੁਰੂ ਜੀ ਨੇ ਮਰਦਾਨੇ ਨੂੰ ਬੀਬੀ ਨਾਨਕੀ ਤੋਂ ਪੈਸੇ ਲੈ ਕੇ ਵਧੀਆ ਸਾਜ਼ ਲਿਆਉਣ ਲਈ ਕਿਹਾ। ਮਰਦਾਨੇ ਦੇ ਪੁੱਛਣ ਤੇ ਉਹਨਾਂ ਰਬਾਬ ਨੂੰ ਸਭ ਤੋਂ ਵਧੀਆ ਸਾਜ਼ ਕਿਹਾ। ਮਰਦਾਨਾ ਬੀਬੀ ਜੀ ਕੋਲ ਗਿਆ ਤੇ ਉਹਨਾਂ ਪਾਸੋਂ ਪੈਸਿਆਂ ਦਾ ਭਰੋਸਾ ਲੈ ਕੇ ਗਲ਼ੀਆਂ ਵਿੱਚ ਤੁਰ ਫਿਰ ਕੇ ਰਬਾਬ ਲੱਭਣ ਲੱਗ ਪਿਆ, ਪਰ ਕੁਝ ਲੋਕ ਉਸ ਨੂੰ 'ਕੁਰਾਹੀਏ ਦਾ ਡੂੰਮ' ਕਹਿ ਕੇ ਮਖੌਲ ਉਡਾਉਣ ਲੱਗੇ। ਕੁਝ ਨੇ ਉਸ ਉੱਪਰ ਮਿੱਟੀ ਸੁੱਟੀ ਅਤੇ ਬੁਰਾ ਸਲੂਕ ਕੀਤਾ, ਤੰਗ ਆ ਕੇ ਮਰਦਾਨੇ ਨੇ ਵਾਪਸ ਗੁਰੂ ਜੀ ਕੋਲ ਜਾ ਕੇ ਸਾਰੀ ਗੱਲ ਦੱਸੀ। ਗੁਰੂ ਜੀ ਨੇ ਉਸ ਨੂੰ ਲੋਕਾਂ ਵੱਲੋਂ ਬੇਪ੍ਰਵਾਹ ਰਹਿਣ ਲਈ ਕਿਹਾ। ਕੁਝ ਦਿਨਾਂ ਮਗਰੋਂ ਗੁਰੂ ਜੀ ਦੇ ਹੁਕਮ ਅਨੁਸਾਰ ਮਰਦਾਨਾ ਬੀਬੀ ਨਾਨਕੀ ਜੀ ਪਾਸੋਂ ਸੱਤ ਰੁਪਏ ਲੈ ਕੇ ਦੁਆਬੇ ਦੇ ਇੱਕ ਜੱਟਾਂ ਦੇ ਪਿੰਡ ਵਿੱਚ ਰਹਿੰਦੇ ਫਰਹਿੰਦੇ ਨਾਮ ਦੇ ਰਬਾਬੀ ਕੋਲ ਰਬਾਬ ਲੈਣ ਚਲਾ ਗਿਆ। ਜਦੋਂ ਤਿੰਨ ਦਿਨ ਖੁਆਰ ਹੋਣ ਮਗਰੋਂ ਵਾਪਸ ਮੁੜਨ ਲੱਗਾ ਤਾਂ, ਉਸ ਦਾ ਫਰਹਿੰਦੇ ਨਾਲ਼ ਮੇਲ ਹੋਇਆ। ਮਰਦਾਨੇ ਤੋਂ ਗੁਰੂ ਜੀ ਦੇ ਮੁੱਖੋਂ ਗਾਈ ਜਾਣ ਵਾਲ਼ੀ ਅਗੰਮੀ ਬਾਣੀ ਬਾਰੇ ਸੁਣ ਕੇ ਫਰਹਿੰਦੇ ਨੇ ਰਬਾਬ ਮਰਦਾਨੇ ਨੂੰ ਦਿੰਦਿਆਂ ਕੀਮਤ ਦੇ ਸੱਤ ਰੁਪਏ ਵੀ ਨਾ ਲਏ ਤੇ ਰਬਾਬ ਨਾਲ਼ ਗੁਰੂ ਜੀ ਦਾ ਕੋਈ ਪੁਰਾਣਾ ਸੰਬੰਧ ਦੱਸਿਆ। ਦਰਸ਼ਨਾਂ ਦੀ ਇੱਛਾ ਪੈਦਾ ਹੋਣ ਕਾਰਨ ਉਹ ਵੀ ਮਰਦਾਨੇ ਨਾਲ਼ ਗੁਰੂ ਜੀ ਕੋਲ ਪੁੱਜਾ। ਕਰਤਾਰ ਬਾਰੇ ਗੱਲਾਂ ਕਰਨ ਮਗਰੋਂ ਫਰਹਿੰਦਾ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ। ਕੁਝ ਦਿਨਾਂ ਮਗਰੋਂ ਉਸ ਦੇ ਚਲੇ ਜਾਣ ਤੇ ਮਰਦਾਨਾ ਰਬਾਬ ਸੁਰ ਕਰਨ ਲੱਗਾ, ਪਰ ਉਹ ਬੇਸੁਰੀ ਹੁੰਦੀ ਜਾਵੇ। ਜਦੋਂ ਗੁਰੂ ਜੀ ਦੁਆਰਾ ਉਸ ਨੂੰ ਰਬਾਬ ਵਜਾਉਣ ਲਈ ਕਿਹਾ, ਤਾਂ ਉਸ ਨੇ ਕਿਹਾ ਕਿ ਉਹ ਠੀਕ ਕਰ ਲਵੇ ਤਾਂ ਜੋ ਚੰਗਾ ਠਾਟ ਬਣ ਜਾਵੇ। ਗੁਰੂ ਜੀ ਨੇ ਕਿਹਾ ਕਿ ਉਸ ਦਾ ਕੰਮ ਰਬਾਬ ਵਜਾਉਣਾ ਹੈ, ਠਾਟ ਕਰਨ ਵਾਲਾ ਕਰਤਾਰ

ਹੈ। ਇਹ ਸੁਣ ਕੇ ਜਦੋਂ ਮਰਦਾਨੇ ਨੇ ਰਬਾਬ ਵਜਾਈ ਤਾਂ ਮਿਰਗਾਂ ਨੂੰ ਮਸਤ ਕਰਨ ਵਾਲ਼ਾ ਠਾਟ ਨਿਕਲ ਆਇਆ ਤੇ ਗੁਰੂ ਜੀ ਨੂੰ ਜਿਹੜੀ ਅਗੰਮ ਬਾਣੀ ਆਈ, ਮਰਦਾਨੇ ਨੇ ਉਹ ਵੀ ਉਸ ਮਧੁਰ ਸੁਰ ਨਾਲ਼ ਗਾਈ।

## ਘਰ ਦਾ ਪਿਆਰ - ਪ੍ਰਿੰ ਤੇਜਾ ਸਿੰਘ

ਘਰ ਉਹ ਥਾਂ ਹੁੰਦਾ ਹੈ, ਜਿੱਥੇ ਮਨੁੱਖ ਦੇ ਪਿਆਰ ਦੀਆਂ ਸਧਰਾਂ ਪਲਦੀਆਂ ਹਨ, ਜਿੱਥੇ ਉਸ ਨੇ ਮਾਂ, ਭੈਣ ਤੇ ਭਰਾ ਦਾ ਪਿਆਰ ਹੰਢਾਇਆ ਹੁੰਦਾ ਹੈ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ-ਬਹਿਣੀ ਦਾ ਕੇਂਦਰ ਹੁੰਦਾ ਹੈ। ਇਹ ਮਨੁੱਖ ਦੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਸਮਾਜਿਕ ਤੇ ਸੰਸਾਰਿਕ ਆਲ਼ੇ-ਦੁਆਲ਼ੇ ਜਿੰਨਾ ਹੀ ਹਿੱਸਾ ਪਾਉਂਦਾ ਹੈ। ਘਰ ਦੇ ਪਿਆਰ ਤੋਂ ਸੱਖਣੇ ਮਨੁੱਖ ਦਾ ਸੁਭਾਅ ਸੜੀਅਲ ਤੇ ਖਿਝੂ ਹੁੰਦਾ ਹੈ। ਵੱਡੇ-ਵੱਡੇ ਪੰਡਾਲਾਂ ਵਿੱਚ ਕਥਾ ਕਰਕੇ ਜਾਂ ਭਾਸ਼ਣ ਦੇ ਕੇ ਆਪਣੇ ਗਿਆਨ ਨਾਲ਼ ਦੂਜਿਆਂ ਨੂੰ ਹੈਰਾਨ ਕਰਨ ਵਾਲ਼ੇ ਪ੍ਰਚਾਰਕਾਂ ਦਾ ਸੁਭਾਅ ਆਮ ਕਰਕੇ ਰੁੱਖਾ ਤੇ ਖਿਝੂ ਹੁੰਦਾ ਹੈ। ਕਿਉਂਕਿ ਉਹ ਹਰ ਵੇਲੇ ਪੋਥੀਆਂ ਪੜ੍ਹਨ ਜਾਂ ਇੱਧਰ-ਉੱਧਰ ਸਫ਼ਰ ਕਰਨ ਵਿਚ ਹੀ ਲੱਗੇ ਰਹਿੰਦੇ ਹਨ ਤੇ ਘਰ ਦੇ ਪਿਆਰ ਤੋਂ ਸੱਖਣੇ ਰਹਿੰਦੇ ਹਨ। ਇਹੋ ਜਿਹੇ ਉਪਦੇਸ਼ਕ ਤੇ ਲਿਖਾਰੀ ਗੁਰੂਆਂ ਤੇ ਪੈਗ਼ੰਬਰਾਂ ਦੇ ਜੀਵਨ ਨੂੰ ਇਸ ਢੰਗ ਨਾਲ਼ ਪੇਸ਼ ਕਰਦੇ ਹਨ, ਜਿਵੇਂ ਉਹ ਤੋਤਲੀਆਂ ਗੱਲਾਂ ਕਰਨ ਵਾਲ਼ੇ ਬਚਪਨ ਵਿੱਚੋਂ ਲੰਘੇ ਹੀ ਨਹੀਂ ਤੇ ਉਹ ਬਚਪਨ ਵਿੱਚ ਹੀ ਪਰਮਾਰਥ ਦੀਆਂ ਗੱਲਾਂ ਕਰਦੇ ਸਨ। ਉਹ ਇਹ ਨਹੀਂ ਜਾਣਦੇ ਕਿ ਬੱਚਿਆਂ ਦਾ ਭੋਲਾਪਨ, ਅਲਬੇਲਾਪਣ, ਭੈਣ-ਭਰਾ ਦਾ ਪਿਆਰ ਅਤੇ ਲਾਡ  ਮਹਾਂਪੁਰਖਾਂ ਦੇ ਜੀਵਨ ਵਿੱਚ ਵੀ ਉਹੀ ਥਾਂ ਰੱਖਦੇ ਹਨ ਜੋ ਆਮ ਲੋਕਾਂ ਵਿੱਚ। ਹਜ਼ਰਤ ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿੱਚ ਉਹਨਾਂ ਦੀ ਪਤਨੀ ਖ਼ਦੀਜਾ ਦਾ ਬਹੁਤ ਪ੍ਰਭਾਵ ਸੀ। ਕਾਰਲਾਈਲ ਦੇ ਸੜੀਅਲ ਸੁਭਾ ਦਾ ਕਾਰਨ ਉਸ ਦੁਆਰਾ ਆਪਣੀ ਪਤਨੀ ਨਾਲ਼ ਪਿਆਰ ਨਾਲ਼ ਗੱਲ ਨਾ ਕਰਨਾ ਸੀ। ਅਜੋਕੇ ਸਮੇਂ  ਫੈਲ ਰਹੀ ਦੁਰਾਚਾਰੀ ਦਾ ਕਾਰਨ ਘਰੋਗੀ ਵੱਸੋਂ ਦਾ ਘਾਟਾ ਅਤੇ ਬਜਾਰੀ ਰਹਿਣੀ-ਬਹਿਣੀ ਦਾ ਵਾਧਾ ਹੈ। ਵਿਦਿਆਰਥੀ ਜੀਵਨ ਵਿੱਚ ਸਮਾਜਿਕ, ਨੈਤਿਕ ਅਤੇ ਸਦਾਚਾਰਿਕ ਗੁਣਾਂ ਦੇ ਕੋਰੇਪਨ ਅਤੇ ਗੈਰ-ਜ਼ਿੰਮੇਵਾਰ ਹੋਣ ਦਾ ਕਾਰਨ ਵੀ ਉਨ੍ਹਾਂ ਦੀ ਘਰਾਂ ਨੂੰ ਛੱਡ ਕੇ ਰਹਿਸ਼ੀ ਸਕੂਲਾਂ ਦੀ ਰਹਿਣੀ-ਬਹਿਣੀ ਹੈ। ਅਸਲੀ ਧਾਰਮਿਕ ਜੀਵਨ ਦੀ ਨੀਂਹ ਵੀ ਘਰੋਗੀ ਰਹਿਣੀ-ਬਹਿਣੀ ਵਿੱਚ ਹੀ ਰੱਖੀ ਜਾ ਸਕਦੀ ਹੈ। ਸਿੱਖ ਗੁਰੂ ਸਹਿਬਾਨਾਂ ਨੇ ਵੀ ਘਰੋਗੀ ਜੀਵਨ ਉੱਤੇ ਜ਼ੋਰ ਦਿੱਤਾ ਹੈ। ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ। ਕੇਵਲ ਉਹ ਲੋਕ ਹੀ ਆਪਣੇ ਦੇਸ ਉੱਪਰ ਅੱਤਿਆਚਾਰੀ ਹਮਲੇ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਜਿਨ੍ਹਾਂ ਨੂੰ ਆਪਣੇ ਘਰ ਤੇ ਉਸ ਵਿੱਚ ਵਸਦੇ ਪਰਿਵਾਰ ਪਤਨੀ ਤੇ ਬੱਚਿਆਂ ਦੇ ਨੁਕਸਾਨ  ਦਾ ਡਰ ਹੁੰਦਾ ਹੈ।

## ਬੋਲੀ - ਸ. ਗੁਰਬਖ਼ਸ਼ ਸਿੰਘ

ਮੂੰਹ ਮਨੁੱਖ ਦੇ ਸਰੀਰ ਦਾ ਚਿੱਤਰ ਹੈ, ਜਿਸ ਤੋਂ ਉਸ ਦੀ ਸਰੀਰਕ ਸੁੰਦਰਤਾ ਦਾ ਪਤਾ ਲੱਗਦਾ ਹੈ। ਬੋਲੀ ਮਨੁੱਖ  ਦੀ ਆਤਮਾ ਦਾ ਚਿਤਰ ਹੈ, ਜਿਸ ਤੋਂ ਉਸ ਦੀ ਅੰਦਰੂਨੀ ਸੁੰਦਰਤਾ ਦੀ ਪਰਖ ਹੁੰਦੀ ਹੈ। ਚੰਗੀ ਬੋਲੀ ਬੋਲਣ ਵਾਲ਼ਿਆਂ ਨੂੰ ਸਰੋਤਿਆਂ ਦੀ ਵਾਹ-ਵਾਹ ਪ੍ਰਾਪਤ ਹੁੰਦੀ ਹੈ। ਬੋਲੀ ਦਾ ਖ਼ਜ਼ਾਨਾ ਬਚਪਨ ਦੇ ਚੌਗਿਰਦੇ ਵਿੱਚੋਂ ਜੁੜਨਾ ਸ਼ੁਰੂ ਹੁੰਦਾ ਹੈ ਅਤੇ ਸਾਰੀ ਉਮਰ ਵਧਦਾ ਜਾਂਦਾ ਹੈ। ਬਾਲ-ਮਨਾਂ ਉੱਤੇ ਚਿਤਰੇ ਲਫ਼ਜ਼ ਉਮਰ ਭਰ ਨਹੀਂ ਭੁੱਲਦੇ ਅਤੇ ਮੋਹਰਾਂ ਵਾਂਗ ਸਾਰੀ ਜ਼ਿੰਦਗੀ ਕੰਮ ਆਉਂਦੇ ਹਨ। ਇਸ ਲਈ ਬਚਪਨ ਦਾ ਸਮਾਂ ਮਨੁੱਖ ਲਈ ਸਭ ਤੋਂ ਮਹੱਤਵਪੂਰਨ ਹੁੰਦਾ ਹੈ। ਜਿੱਥੇ ਸਾਡਾ ਬਚਪਨ ਬੀਤਿਆ ਹੁੰਦਾ ਹੈ, ਉਹ ਥਾਂ ਮੁਹਰਾਂ ਦੀ ਖਾਣ ਹੁੰਦੀ ਹੈ ਅਤੇ ਸਾਡੀ ਅਮੀਰੀ ਇਸ ਉੱਤੇ ਹੀ ਨਿਰਭਰ ਕਰਦੀ ਹੈ। ਭਰਪੂਰ ਖਾਣ ਵਿੱਚੋਂ ਸਿਆਣੀ ਪੁਟਾਈ ਹੀ ਬੇਸ਼ੁਮਾਰ ਦੌਲਤ ਪੁੱਟ ਸਕਦੀ ਹੈ। ਸਾਡੀ ਪੁਟਾਈ ਤੇ ਪ੍ਰਾਪਤੀਆਂ ਦਾ ਨਾਪ ਸਾਡੀ ਬੋਲੀ ਹੁੰਦੀ ਹੈ।

ਸਾਡੀ ਮਾਂ ਬੋਲੀ ਸਾਡੀ ਬੋਲੀ ਹੈ, ਜਿਹੜੀ ਅਸੀਂ ਆਪਣੇ ਬਚਪਨ ਵਿੱਚ ਆਪਣੀ ਮਾਂ ਕੋਲੋਂ ਅਤੇ ਆਲ਼ੇ-ਦੁਆਲ਼ੇ ਤੋਂ ਸਿੱਖੀ ਹੈ। ਉਹ ਲੋਕ ਬਦਕਿਸਮਤ ਹਨ, ਜਿਨ੍ਹਾਂ ਨੂੰ ਵੱਡੇ ਹੋ ਕੇ ਬਚਪਨ ਦੀ ਬੋਲੀ ਨਾਲੋਂ ਕੋਈ ਵੱਖਰੀ ਬੋਲੀ ਅਪਣਾਉਣੀ ਪੈਂਦੀ ਹੈ। ਤਜ਼ਰਬਾ ਸਾਡੀ ਦੌਲਤ ਹੈ ਅਤੇ ਇਹ ਦੌਲਤ ਬਚਪਨ ਦੇ ਸਮੇਂ ਬੋਲੀ ਦੇ ਚਿੰਨ੍ਹਾਂ ਵਿੱਚ ਸਾਂਭੀ ਜਾਂਦੀ ਹੈ ਅਤੇ ਇਹ ਦੌਲਤ ਬੋਲੀ ਦੇ ਚਿੰਨ੍ਹਾਂ ਦੇ ਰੂਪ ਵਿੱਚ ਹੀ ਵਰਤੀ ਜਾ ਸਕਦੀ ਹੈ। ਤਜ਼ਰਬਾ ਇਸ ਦੌਲਤ ਦਾ ਖ਼ਜ਼ਾਨਾ ਹੈ, ਸ਼ਬਦ ਇਸ ਦੇ ਸਿੱਕੇ ਤੇ ਨੋਟ ਹਨ, ਜਿਨ੍ਹਾਂ ਨੂੰ ਅਸੀਂ ਰੋਜ਼ਾਨਾ ਜ਼ਿੰਦਗੀ ਦੀ ਮੰਡੀ ਵਿੱਚ ਚਲਾਉਂਦੇ ਹਾਂ। ਪੜ੍ਹਾਈ ਆਪਣੇ-ਆਪ ਵਿੱਚ ਕੋਈ ਵੱਡਾ ਤਜ਼ਰਬਾ ਨਹੀਂ। ਇਹ ਸਿਰਫ਼ ਤਜ਼ਰਬਿਆਂ ਨੂੰ ਪ੍ਰਾਪਤ ਕਰਨ ਦੀ ਲਗਨ ਵਿੱਚ ਵਾਧਾ ਕਰਨ ਅਤੇ ਤਜ਼ਰਬਿਆਂ ਨੂੰ ਸਾਂਭਣ ਦਾ ਸਾਧਨ ਹੈ। ਇਸ ਲਈ ਸਭ ਤੋਂ ਪਹਿਲਾਂ ਤਜ਼ਰਬੇ ਦੇ ਮੌਕਿਆਂ ਵਿੱਚ ਵਾਧਾ ਕਰਨਾ ਚਾਹੀਦਾ ਹੈ, ਜਿਹੜੇ ਸਾਡੀ ਸ਼ਖ਼ਸੀਅਤ ਅਤੇ ਬੋਲੀ ਨੂੰ ਅਮੀਰ ਬਣਾਉਂਦੇ ਹਨ।

ਬਚਪਨ ਦਾ ਸਮਾਂ ਜਵਾਨੀ ਤੇ ਬੁਢਾਪੇ ਨਾਲੋਂ ਵੀ ਕਈ ਗੁਣਾ ਕੀਮਤੀ ਹੁੰਦਾ ਹੈ। ਇਸ ਵਿੱਚ ਲਫ਼ਜ਼ਾਂ ਦੀਆਂ ਉਹ ਮੋਹਰਾਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਭਨਾ-ਭਨਾ ਕੇ ਜਵਾਨੀ ਤੇ ਬੁਢਾਪੇ ਦੇ ਸਮੇਂ ਆਪਣਾ ਔਖਾ-ਸੌਖਾ ਵਕਤ ਗੁਜ਼ਾਰਿਆ ਜਾ ਸਕਦਾ ਹੈ। ਬੋਲੀ ਨਾ ਸਿਰਫ ਕਾਮਯਾਬੀ ਦੀ ਕੁੰਜੀ ਹੈ, ਬਲਕਿ ਜ਼ਿੰਦਗੀ ਦੇ ਹੁਸਨਾਂ ਤੇ ਸੁਆਦਾਂ ਦਾ ਜਾਦੂ ਹੈ। ਇਸ ਕਰਕੇ ਕੋਈ ਬੋਲੀ ਬਾਰੇ ਅਣਗਹਿਲੀ ਨਾ ਕਰੇ। ਇਹ ਬਹੁਤ ਮਹਿੰਗੀ ਵਿਰਾਸਤ ਹੈ। ਇਸ ਲਈ ਤੁਸੀਂ ਮਾਪਿਆਂ, ਉਸਤਾਦਾਂ, ਮਹਿਮਾਨਾਂ, ਗੁਵਾਲਿਆਂ, ਚਰਵਾਹਿਆਂ ਅਤੇ ਭਿੰਨ-ਭਿੰਨ ਪ੍ਰਕਾਰ ਦਾ ਸਾਮਾਨ ਵੇਚਣ ਵਾਲ਼ਿਆਂ, ਜਿੱਥੋਂ ਵੀ ਸ਼ਬਦ ਸਿੱਖ ਸਕਦੇ ਹੋ ਸਿੱਖੋ ਤੇ ਸੰਭਾਲੋ। ਇਸ ਨਾਲ਼ ਸਾਡੀ ਬੋਲੀ ਅਮੀਰ ਅਤੇ ਸ਼ਖ਼ਸੀਅਤ ਪ੍ਰਭਾਵਸ਼ਾਲੀ ਬਣੇਗੀ।

## ਬਾਬਾ ਰਾਮ ਸਿੰਘ ਕੂਕਾ - ਸ. ਕਪੂਰ ਸਿੰਘ

ਬਾਬਾ ਰਾਮ ਸਿੰਘ ਜੀ ਦਾ ਜਨਮ 1816 ਈ. ਵਿੱਚ ਲੁਧਿਆਣੇ ਦੇ ਕੋਲ਼ ਭੈਣੀਆ ਰਾਈਆਂ ਵਿਖੇ ਭਾਈ ਜੱਸਾ ਸਿੰਘ ਦੇ ਘਰ ਹੋਇਆ। ਬਾਬਾ ਜੀ ਦੀ ਵੱਡੀ ਭੈਣ ਸ. ਕਾਬਲ ਸਿੰਘ ਨਾਲ਼ ਵਿਆਹੀ ਹੋਈ ਸੀ। ਕਾਬਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਤੋਪਖਾਨੇ ਵਿੱਚ ਗੋਲੰਦਾਜ਼ ਤੋਪਚੀ ਸੀ। ਉਹਨਾਂ ਦੀ ਪ੍ਰੇਰਨਾ ਸਦਕਾ ਬਾਬਾ ਰਾਮ ਸਿੰਘ ਜੀ ਲਾਹੌਰ ਜਾ ਕੇ ਘੁੜ-ਚੜ੍ਹਿਆਂ ਦੀ ਪਲਟਨ ਵਿੱਚ ਭਰਤੀ ਹੋ ਗਏ। ਬਾਬਾ ਜੀ ਦਾ ਵਿਆਹ ਭਰ ਜਵਾਨੀ ਦੀ ਅਵਸਥਾ ਵਿੱਚ ਹੀ ਹੋ ਗਿਆ ਜਦੋਂ ਉਹ ਪਤਲੇ, ਗੰਦਵੇਂ ਤੇ ਲੰਮੇ ਕੱਦ ਦੇ ਨਾਲ਼ ਪ੍ਰਭਾਵਸ਼ਾਲੀ ਚਿਹਰੇ ਦੇ ਮਾਲਕ ਸਨ। ਆਪ ਦੇ ਘਰ ਦੋ ਪੁੱਤਰੀਆਂ ਨੇ ਜਨਮ ਲਿਆ। ਆਪ ਨੇ ਉਸ ਸਮੇਂ ਦੇ ਰਿਵਾਜ਼ ਦੇ ਉਲਟ ਆਪਣੀਆਂ ਲੜਕੀਆਂ ਨੂੰ ਪਿਆਰ ਤੇ ਚਾਅ ਨਾਲ਼ ਪਾਲ਼ਿਆ ਪੋਲਿਆ ਅਤੇ ਵਿੱਦਿਆ ਪੜ੍ਹਾਈ। ਆਪ ਨੇ ਸਮਾਜ ਵਿੱਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ। ਬਾਬਾ ਰਾਮ ਸਿੰਘ ਤੇ ਹਜ਼ਰੋ ਵਿੱਚ ਬਾਬਾ ਬਾਲਕ ਸਿੰਘ ਜੀ ਦੀ ਸ਼ਖ਼ਸੀਅਤ ਦਾ ਬਹੁਤ ਪ੍ਰਭਾਵ ਪਿਆ ਜਿਸ ਕਰਕੇ ਆਪ ਪਹਿਲਾਂ ਨਾਲ਼ੋਂ ਵੀ ਵਧੇਰੇ ਤਤਪਰਤਾ ਨਾਲ਼ ਵਾਹਿਗੁਰੂ ਦਾ ਭਜਨ ਕਰਨ ਲੱਗੇ। ਸੰਨ 1846 ਈ. ਦੀ ਸਿੰਘਾਂ ਦੀ ਅੰਗਰੇਜ਼ਾਂ ਨਾਲ਼ ਮੁਦਕੀ ਦੀ ਲੜਾਈ ਪਿੱਛੋਂ ਆਪ ਭੈਣੀ ਆ ਕੇ ਲੋਹੇ-ਕੱਪੜੇ ਆਦਿ ਦੀ ਹੱਟੀ ਕਰਕੇ ਦਸਾਂ ਨਹੁੰਆਂ ਤੇ ਧਰਮ ਦੀ ਕਿਰਤ ਕਮਾਈ ਕਰਨ ਲੱਗ ਪਏ। 1857 ਈ. ਵਿੱਚ ਬਾਬਾ ਬਾਲਕ ਸਿੰਘ ਦੁਆਰਾ 'ਜਿਗਿਆਸੂਆਂ-ਅਭਿਆਸੀਆਂ ਦੀ ਜਥੇਬੰਦੀ ਬਣਾਈ ਗਈ ਅਤੇ ਬਾਬਾ ਰਾਮ ਸਿੰਘ ਨੂੰ ਇਸ ਲਈ ਪੰਜਾਬ ਵਿੱਚ ਪ੍ਰਚਾਰਕ ਥਾਪ ਦਿੱਤਾ। ਇਹ ਜਥੇਬੰਦੀ ਬਾਅਦ ਵਿੱਚ ਨਾਮਧਾਰੀ ਜਥੇਬੰਦੀ ਜਾਂ ਕੂਕਿਆਂ ਦੀ ਜਮਾਤ ਅਖਵਾਈ। ਜਥੇਬੰਦੀ ਦੇ ਸ਼ਰਧਾਲੂਆਂ ਦੁਆਰਾ ਭੇਜੇ ਦਸਵੰਧ ਨੂੰ ਆਪ ਲੰਗਰ ਉੱਤੇ ਖ਼ਰਚ ਕਰਦੇ ਸਨ। ਆਪ ਦਾ ਨਿਸ਼ਾਨਾ ਸੀ ਕਿ ਲੋਕਾਂ ਦੀ ਰਹਿਣੀ-ਬਹਿਣੀ ਨੂੰ ਸਵੱਛ ਬਣਾਉਣਾ, ਵਹਿਮਾਂ-ਭਰਮਾਂ ਤੋਂ ਦੂਰ ਕਰਨਾ, ਸਮਾਜ ਵਿੱਚ ਇਸਤਰੀ ਤੇ ਮਰਦ ਨੂੰ ਬਰਾਬਰ ਰੱਖਣਾ, ਆਤਮਾ ਨੂੰ ਧਾਰਮਿਕ ਤੌਰ 'ਤੇ ਤਕੜੀ ਕਰਨਾ ਅਤੇ ਦੇਸ ਵਿੱਚੋਂ ਵਿਦੇਸੀਆਂ ਤੇ ਰਾਜੇ-ਰਾਣੀਆਂ ਦੀ ਪਰਾਧੀਨਤਾ ਨੂੰ ਖ਼ਤਮ ਕਰਕੇ ਜਨਤਾ ਨੂੰ ਸੁਤੰਤਰ ਕਰਨਾ ਸੀ। ਆਪ ਨੇ ਆਪਣੇ ਸਾਰੇ ਸ਼ਰਧਾਲੂਆਂ ਨੂੰ ਹਦਾਇਤ ਦੇ ਕੇ ਅੰਗਰੇਜ਼ਾਂ ਦੇ ਡਾਕ, ਰੇਲ ਤੇ ਕਚਹਿਰੀਆਂ ਦੇ ਪ੍ਰਬੰਧ ਅਤੇ ਵਿਦੇਸ਼ੀ ਚੀਜ਼ਾਂ ਦਾ ਮੁਕੰਮਲ ਬਾਈਕਾਟ ਕਰਵਾਇਆ। ਉਹਨਾਂ ਨੇ 1860 ਈ. ਦੇ ਆਸ-ਪਾਸ ਆਪਣਾ ਸੁਦੇਸ਼ੀ ਡਾਕ-ਪ੍ਰਬੰਧ ਚਾਲੂ ਕਰ ਲਿਆ। ਕੁੱਝ ਘਟਨਾਵਾਂ ਬਾਬਾ ਜੀ ਦੇ ਵੱਸ ਤੋਂ ਬਾਹਰ ਦੀਆਂ ਹੋ ਗਈਆਂ, ਜਿਸ ਕਰਕੇ

ਆਪ ਦੀਆਂ ਮਿਥੀਆਂ ਵਿਉਂਤਾਂ ਸਿਰੇ ਨਾ ਚੜ੍ਹ ਸਕੀਆਂ, ਅੰਗਰੇਜ਼ਾਂ ਨੇ ਆਪ ਨੂੰ ਦੇਸ-ਨਿਕਾਲਾ ਦੇ ਕੇ, ਰੰਗੂਨ ਵਿੱਚ ਭੇਜ ਦਿੱਤਾ, ਜਿੱਥੇ ਅੰਗਰੇਜ਼ ਸਰਕਾਰ ਦੀਆਂ ਰਿਪੋਰਟਾਂ ਅਨੁਸਾਰ 1885 ਈ. ਵਿੱਚ ਆਪ ਦਾ ਦੇਹਾਂਤ ਹੋ ਗਿਆ।

## 7. ਮੇਰੇ ਵੱਡੇ-ਵਡੇਰੇ - ਗਿਆਨੀ ਗੁਰਦਿੱਤ ਸਿੰਘ

ਲੇਖਕ ਦੇ ਵੱਡੇ-ਵਡੇਰੇ ਨਾ ਤਾਂ ਕਿਸੇ ਰਾਜੇ ਜਾਂ ਨਵਾਬ ਦੇ ਨੌਕਰ ਸਨ ਅਤੇ ਨਾ ਹੀ ਰਾਈਸ ਜਾਂ ਬਖਤਾਵਰ ਸਨ। ਉਹ ਨਾ ਅਧਿਆਤਮਿਕ ਖੇਤਰ ਵਿੱਚ ਕੋਈ ਦਰਜਾ ਰੱਖਦੇ ਸਨ ਅਤੇ ਨਾ ਹੀ ਵਿਦਵਾਨ ਸਨ। ਉਹ ਕੇਵਲ ਆਪਣੇ ਜ਼ਮਾਨੇ ਦੇ ਮਨੁੱਖ ਸਨ। ਲੇਖਕ ਦੇ ਬਾਬੇ ਚਾਰ ਭਰਾ ਸਨ, ਜੋ ਨਰੋਏ ਸਰੀਰਾਂ ਦੇ ਅਤੇ ਦੱਬ ਕੇ ਵਾਹੁਣ ਤੇ ਰੱਜ ਕੇ ਖਾਣ ਵਾਲ਼ੇ ਸਨ। ਉਹ ਆਸ-ਪਾਸ ਦੇ ਪਿੰਡਾਂ ਲਈ ਹਊਆ ਬਣੇ ਹੋਏ ਸਨ। ਲੋਕ ਆਖਦੇ ਸਨ ਕਿ ਜਿਸ ਖੇਤ ਵਿੱਚੋਂ ਇਹ ਚਾਰੇ ਲੰਘ ਜਾਂਦੇ ਉੱਥੇ ਡੰਡੀ ਪੈ ਜਾਂਦੀ ਸੀ। ਉਹਨਾਂ ਦੇ ਚੰਗੇ ਕੱਦ-ਕਾਠ ਨਾਲ਼ ਖੁਰਾਕ ਏਨੀ ਸੀ ਕਿ ਇੱਕ ਵਾਰ ਛਾਪੇ ਪਿੰਡ ਵਾਲ਼ੇ ਰਿਸ਼ਤੇਦਾਰਾਂ ਦੇ ਘਰ ਵਿਆਹ 'ਤੇ ਗਏ ਤੇ ਉਹ ਮੇਲ਼-ਗੇਲ਼ ਲਈ ਬਣਾਇਆ ਪ੍ਰਸ਼ਾਦ ਦਾ ਸਾਰਾ ਕੜਾਹਾ ਚਟਮ ਕਰ ਗਏ, ਜਿਸ ਤੋਂ ਬਾਅਦ ਛਾਪੇ ਵਾਲ਼ਿਆਂ ਨੇ ਉਹਨਾਂ ਨਾਲ਼ ਮਿਲ਼ਣਾ-ਵਰਤਣਾ ਬੰਦ ਕਰ ਦਿੱਤਾ। ਉਸ ਦੇ ਇੱਕ ਬਾਬੇ ਪੁਨੂੰ ਨੇ ਇੱਕ ਭੂਤਰੇ ਪਹਿਲਵਾਨ ਦੀ ਘੋਲ ਵਿੱਚ ਤੋਬਾ ਕਰਵਾ ਦਿੱਤੀ ਜੋ ਪਿੰਡ ਵਿੱਚ ਕੋਈ ਪਹਿਲਵਾਨ ਨਾ ਹੋਣ ਕਰਕੇ ਪਿੰਡ ਦੇ ਚੌਧਰੀ ਤੋਂ ਪੱਕੀ ਰਸਦ ਮੰਗਦਾ ਸੀ। ਉਸ ਦਾ ਇੱਕ ਬਾਬਾ ਇਕੱਲਾ ਹੀ ਹਨੇਰੀ ਨਾਲ਼ ਡਿੱਗੇ ਇੱਕ ਭਾਰੇ ਸ਼ਹਿਤੂਤ ਨੂੰ ਬਿਨਾਂ ਛਾਂਗਿਆਂ ਹੀ ਘਸੀਟ ਕੇ ਘਰ ਲੈ ਆਇਆ। ਉਸ ਦਾ ਬਾਬਾ ਦਾਸ ਕੁੱਝ ਬੰਦਿਆਂ ਦੁਆਰਾ ਮੈਰੇ ਵਿੱਚ ਸੁੱਟੀ ਕਿੱਕਰ ਦੀ ਗੇਲੀ ਨੂੰ ਇਕੱਲਾ ਹੀ ਚੁੱਕ ਲਿਆਇਆ ਤੇ ਅੱਸੀ ਨੱਬੇ ਵਰ੍ਹੇ ਬਾਅਦ ਉਸ ਲਟੈਣ ਨੂੰ ਚੜ੍ਹਾਉਣ ਲਈ ਪਿੰਡ ਦੇ ਅੱਠ-ਦਸ ਚੋਣਵੇਂ ਗੱਭਰੂਆਂ ਦੀ ਮਦਦ ਲੈਣੀ ਪਈ। ਬਾਬਿਆਂ ਦੀਆਂ ਭੈਣਾਂ ਵੀ ਕਿਸੇ ਗੱਲੋਂ ਘੱਟ ਨਹੀਂ ਸਨ। ਇੱਕ ਇਕੱਲੀ ਭੈਣ ਦੁਆਰਾ ਚੁੱਕ ਕੇ ਲਿਆਂਦੀ ਜੁਆਰ ਦੇ ਸਿੱਟਿਆਂ ਦੀ ਪੰਡ ਵਿੱਚੋਂ ਪੰਜ ਮਣ ਕੱਚੀ ਜੁਆਰ ਨਿਕਲ਼ੀ। ਉਹਨਾਂ ਦੀ ਇੱਕ ਭੈਣ ਚੜਿਕ ਵਿਆਹੀ ਹੋਈ ਸੀ। ਸ਼ਾਮ ਨੂੰ ਬਾਹਰ ਜਾਣ ਵੇਲ਼ੇ ਉਸਨੇ ਇੱਕ ਪਹਿਲਵਾਨ ਨੂੰ ਮੁਗਦਰ ਚੁੱਕਦਾ ਦੇਖਿਆ। ਵਾਪਸ ਆਉਣ ਸਮੇਂ ਅਖਾੜਾ ਬਿੱਝੜ ਚੁੱਕਾ ਸੀ। ਉਸ ਨੇ ਰਾਹ ਵਿੱਚ ਪਏ ਮੁਗਦਰ ਨੂੰ ਵਗਾਹ ਕੇ ਮਾਰਿਆ। ਜਦੋਂ ਪਹਿਲਵਾਨ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ ਬਾਬਿਆਂ ਦੀ ਭੈਣ ਲਈ 101 ਰੁ ਅਤੇ ਸੁੱਚੇ ਤਿਓਰ ਦਾ ਨਜ਼ਰਾਨਾ ਲੈ ਕੇ ਆਇਆ। ਉਸ ਭੈਣ ਦੇ ਦੋ ਪੁੱਤਰਾਂ ਵਿੱਚੋਂ ਇੱਕ ਮੰਗਲ ਸਿੰਘ ਨਾਮੀ ਪਹਿਲਵਾਨ ਬਣਿਆ। ਲੇਖਕ ਨੂੰ ਲਗਦਾ ਸੀ ਕਿਤੇ ਉਸ ਦੇ ਵੱਡ-ਵਡੇਰੇ ਕੋਈ ਦਿਓ ਦਾਨੋ ਤਾਂ ਨਹੀਂ ਸਨ।

**ਪ੍ਰਸ਼ਨ 6. ਵਾਰਤਕ ਭਾਗ ਦੇ ਦਿੱਤੇ ਚਾਰ ਪ੍ਰਸਨਾਂ ਵਿਚੋਂ ਦੋ ਦੇ ਉੱਤਰ ਦੇਣ ਲਈ ਲੋੜੀਂਦੀ ਸਮੱਗਰੀ। ਅੰਕ - 2+2=4**

**(1) ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਸਨ ?**

**ਉੱਤਰ** - ਆਮ ਲੋਕ ਖੱਤਰੀ ਜਾਤ ਨਾਲ਼ ਸਬੰਧਿਤ ਭਲਿਆਂ ਦੇ ਪੁੱਤ-ਪੋਤੇ ਗੁਰੂ ਨਾਨਕ ਦੇਵ ਜੀ ਨੂੰ ਖਾਣ-ਪਹਿਨਣ ਭੁਲਾ ਕੇ ਮਰਦਾਨੇ 'ਡੂੰਮ' ਨੂੰ ਨਾਲ਼ ਲੈ ਕੇ ਜੰਗਲ ਵਿੱਚ ਬੈਠ ਕੇ ਕਰਤਾਰ ਦੇ ਗੁਣ ਗਾਉਂਦਿਆਂ ਤੇ ਹਿੰਦੂਆਂ ਮੁਸਲਮਾਨਾਂ ਤੋਂ ਵੱਖਰੀ ਚਾਲ ਚੱਲਦਿਆਂ ਦੇਖ ਕੇ 'ਕਰਾਹੀਆ' ਸਮਝਣ ਲੱਗੇ ਤੇ ਕਹਿਣ ਲੱਗੇ ਕਿ ਉਸ ਦੀ ਮੱਤ ਮਾਰੀ ਗਈ ਹੈ, ਜੋ ਕਿਸੇ ਦੀ ਵੀ ਗੱਲ ਨਹੀਂ ਸੁਣਦਾ।

**(2) ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ, ਤਾਂ ਲੋਕਾਂ ਨੇ ਉਸ ਨਾਲ਼ ਕੀ ਵਿਹਾਰ ਕੀਤਾ ?**

**ਉੱਤਰ** - ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ, ਤਾਂ ਲੋਕਾਂ ਨੇ ਉਸ ਨਾਲ਼ ਬਹੁਤ ਬੁਰਾ ਸਲੂਕ ਕੀਤਾ। ਲੋਕ ਉਸ ਨੂੰ ਠੱਠਾ-ਮਖੌਲ ਕਰਨ ਲੱਗੇ ਅਤੇ ਕਹਿਣ ਲੱਗੇ ਕਿ 'ਕੁਰਾਹੀਏ ਦਾ ਡੂੰਮ' ਆਇਆ ਹੈ। ਕਈ ਲੋਕ ਉਸ ਨੂੰ ਹੋਰ ਵੀ ਬਹੁਤ ਬੁਰੇ-ਭਲੇ ਸ਼ਬਦ ਬੋਲ ਰਹੇ ਸਨ ਤੇ ਕਈਆਂ ਨੇ ਉਸ ਉੱਤੇ ਮਿੱਟੀ ਚੁੱਕ ਕੇ ਸੁੱਟੀ।

**(3) ਮਰਦਾਨੇ ਨੇ ਨਗਰ ਵਿੱਚ ਉਸ ਨਾਲ਼ ਜੋ ਬੀਤੀ, ਜਦੋਂ ਗੁਰੂ ਨਾਨਕ ਦੇਵ ਜੀ ਨੂੰ ਸੁਣਾਈ, ਤਾਂ ਗੁਰੂ ਜੀ ਨੇ ਅੱਗੋਂ ਕੀ ਕਿਹਾ ?**

**ਉੱਤਰ** - ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਕਿ ਉਹ ਲੋਕਾਂ ਤੋਂ ਨਾ ਡਰੇ, ਲੋਕਾਂ ਦਾ ਕੰਮ ਝੱਖ ਮਾਰਨਾ ਹੈ, ਉਹ ਲੋਕਾਂ ਤੋਂ ਬੇਪਰਵਾਹ ਰਹੇ ਤੇ ਸੰਸਾਰ ਦਾ ਨਾਂ ਬਣੇ ਕਿਉਂਕਿ ਉਨ੍ਹਾਂ ਨੇ ਉਸ ਨੂੰ ਕਰਤਾਰ ਦਾ ਬਣਾਇਆ ਹੈ। ਪਰਮੇਸ਼ਰ ਦੇ ਪਿਆਰਿਆਂ ਦਾ ਲੋਕਾਂ ਦੇ ਝੱਖ ਮਾਰਨ ਨਾਲ਼ ਕੁਝ ਨਹੀਂ ਵਿਗੜਦਾ। ਕੁੱਤੇ ਆਪੇ ਭੌਂਕ ਕੇ ਚੁੱਪ ਕਰ ਜਾਂਦੇ ਹਨ ।

**(4) ਮਰਦਾਨੇ ਅਤੇ ਫਰਹਿੰਦੇ ਰਬਾਬੀ ਦੀ ਆਪਸ ਵਿਚ ਹੋਈ ਵਾਰਤਾਲਾਪ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।**

**ਉੱਤਰ** - ਫਰਹਿੰਦੇ ਦੇ ਪੁੱਛਣ ਤੇ ਮਰਦਾਨੇ ਨੇ ਆਪਣਾ ਨਾਂ ਥਾਂ ਦੱਸਿਆ ਅਤੇ ਕਿਹਾ ਕਿ ਉਹ ਸਾਧਾਂ ਵਾਲੀ ਬਿਰਤੀ ਧਾਰਨ ਕਰ ਚੁੱਕੇ ਬੇਦੀ ਖੱਤਰੀ ਨਾਨਕ ਨਾਲ਼ ਰਹਿੰਦਾ ਹੈ, ਜੋ ਅਗੰਮ ਦੀ ਬਾਣੀ ਉਚਾਰਦਾ ਹੈ ਤੇ ਉਸ ਨੇ ਉਸ ਨੂੰ ਉਸ ਤੋਂ ਰਬਾਬ ਲੈਣ ਭੇਜਿਆ ਹੈ। ਫਰਹਿੰਦੇ ਨੇ ਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਪ੍ਰਗਟ ਕਰਦਿਆਂ ਮਰਦਾਨੇ ਨੂੰ ਰਬਾਬ ਦੇ ਕੇ ਉਸ ਤੋਂ ਪੈਸੇ ਨਾ ਲਏ ਤੇ ਕਿਹਾ ਕਿ ਇਸ ਦਾ ਵੀ ਉਸ ਗੁਰੂ ਜੀ ਨਾਲ਼ ਕੋਈ ਪੁਰਾਣਾ ਸੰਬੰਧ ਹੈ।

**(5) 'ਘਰ ਦਾ ਪਿਆਰਾ' ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ ?**

**ਉੱਤਰ** - ਲੇਖ ਅਨੁਸਾਰ ਘਰ ਤੋਂ ਭਾਵ ਹੈ, ਉਹ ਥਾਂ ਜਿੱਥੇ ਮਨੁੱਖ ਦੇ ਪਿਆਰ ਦੀਆਂ ਸਧਰਾਂ ਪਲਦੀਆਂ ਹਨ, ਜਿੱਥੇ ਮਾਂ, ਭੈਣ ਅਤੇ ਭਰਾ ਕੋਲੋਂ ਲਾਡ-ਪਿਆਰ ਲਿਆ ਹੁੰਦਾ ਹੈ। ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਖੱਟੀ-ਕਮਾਈ ਕਰਕੇ ਮੁੜ ਆਉਣ ਨੂੰ ਜੀਅ ਕਰਦਾ ਹੈ। ਘਰ ਵਿੱਚ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ਼ ਕੱਟਣ ਵਿੱਚ ਮਾਂ ਦੀ ਗੋਦੀ ਵਰਗਾ ਸੁਆਦ ਆਉਂਦਾ ਹੈ।

**(6) "ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ।" ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ?**

**ਉੱਤਰ** - ਲੇਖਕ ਅਨੁਸਾਰ ਜਿਸ ਤਰ੍ਹਾਂ ਮਨੁੱਖ ਦੇ ਸਰੀਰਕ ਸੁਹਜ ਅਤੇ ਕੋਝ ਦੀ ਪਹਿਚਾਣ ਉਸ ਦੇ ਚਿਹਰੇ ਤੋਂ ਹੁੰਦੀ ਹੈ, ਉਸ ਤਰ੍ਹਾਂ ਹੀ ਮਨੁੱਖ ਦੀ ਬੋਲੀ ਤੋਂ ਉਸ ਦੀ ਆਤਮਾ ਦੀ ਅਮੀਰੀ ਜਾਂ ਕੰਗਾਲੀ ਦਾ ਪਤਾ ਲੱਗਦਾ ਹੈ । ਲਫ਼ਜ਼ ਮਨੁੱਖ ਦੀ ਅੰਦਰਲੀ ਅਮੀਰੀ, ਤਜ਼ਰਬੇ ਅਤੇ ਅਕਲ ਦੇ ਸੂਚਕ ਹੁੰਦੇ ਹਨ।

**(7) ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ?**

**ਉੱਤਰ** - ਸਾਡੇ ਰੋਜ਼ਾਨਾ ਜੀਵਨ ਬੋਲੀ ਦਾ ਖਾਸ ਮਹੱਤਵ ਹੈ। ਤਜ਼ਰਬੇ ਦੀ ਦੌਲਤ ਬਚਪਨ ਤੋਂ ਬੋਲੀ ਦੇ ਚਿੰਨ੍ਹਾਂ ਵਿੱਚ ਸਾਂਭੀ ਜਾਂਦੀ ਹੈ। ਤਜ਼ਰਬਾ ਇਸ ਦੌਲਤ ਦਾ ਖ਼ਜ਼ਾਨਾ ਹੈ। ਸ਼ਬਦ ਇਸ ਦੇ ਸਿੱਕੇ ਤੇ ਨੋਟ ਹਨ, ਜਿਨ੍ਹਾਂ ਨੂੰ ਅਸੀਂ ਰੋਜ਼ਾਨਾ ਜ਼ਿੰਦਗੀ ਦੀ ਮੰਡੀ ਵਿੱਚ ਚਲਾਉਂਦੇ ਹਾਂ। ਬੋਲੀ ਤੋਂ ਬਿਨਾਂ ਇਹ ਦੌਲਤ ਵਰਤੀ ਨਹੀਂ ਜਾ ਸਕਦੀ।

**(8) ਅਰਦਾਸ ਕਦੋਂ ਤੇ ਕਿਉਂ ਕੀਤੀ ਜਾਂਦੀ ਹੈ ? ਉੱਤਰ ਲਗਪਗ 40 ਸ਼ਬਦਾਂ ਵਿੱਚ ਲਿਖੋ ।**

**ਉੱਤਰ** - ਮਨੁੱਖ ਲਈ ਅਰਦਾਸ ਇਕ ਅਤਿਅੰਤ ਜ਼ਰੂਰੀ ਵਸਤੂ ਹੈ । ਜੀਵਨ ਵਿਚ ਕਈ ਮੌਕੇ ਅਜਿਹੇ ਆਉਂਦੇ ਹਨ, ਜਦੋਂ ਵੱਡੇ ਤੋਂ ਵੱਡੇ ਰਾਠ ਆਦਮੀ ਲਈ ਵੀ ਅਰਦਾਸ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਜਾਂਦਾ । ਅਰਦਾਸ ਜ਼ਿੰਦਗੀ ਵਿਚ ਹਰ ਸੰਸਾਰਿਕ ਮੌਕੇ ਉੱਪਰ ਜਨਮ ਵੇਲੇ, ਮਰਨ ਵੇਲੇ, ਵਿਆਹ ਵੇਲੇ, ਰੋਗ ਵੇਲੇ, ਜੰਗ ਵੇਲੇ, ਮੁਸ਼ਕਿਲ ਸਮੇਂ ਕਾਰਜ ਨੂੰ ਨਿਰਵਿਘਨ ਸਿਰੇ ਚੜ੍ਹਾਉਣ ਲਈ ਕੀਤੀ ਜਾਂਦੀ ਹੈ। ਅਰਦਾਸ ਮਨੁੱਖ ਨੂੰ ਚੜ੍ਹਦੀ ਕਲਾ ਵਿੱਚ ਰੱਖਦੀ ਹੈ ।

**(9) ਸਿੱਖ ਧਰਮ ਵਿਚ ਅਰਦਾਸ ਦੀ ਕੀ ਮਹੱਤਤਾ ਹੈ ? ਉੱਤਰ ਲਗਪਗ 40 ਸ਼ਬਦਾਂ ਵਿਚ ਲਿਖੋ ।**

**ਉੱਤਰ** - ਸਿੱਖ ਧਰਮ ਵਿੱਚ ਅਰਦਾਸ ਦੀ ਖ਼ਾਸ ਮਹਾਨਤਾ ਹੈ। ਸਿੱਖ ਲਈ ਅਰਦਾਸ ਚੜ੍ਹਦੀ ਕਲਾ ਦਾ ਸਾਧਨ ਹੈ। ਸਿੱਖ ਧਰਮ ਵਿੱਚ ਅਰਦਾਸ ਨਿੱਜ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਲਈ ਕੀਤੀ ਜਾਂਦੀ ਹੈ, ਜੋ ਮਨੁੱਖ ਨੂੰ ਸਹਿਜ-ਸੁਭਾ ਛੁਟੇਰੇਪਨ ਵਿਚੋਂ ਕੱਢ ਕੇ ਵੱਡਾ ਬਣਾ ਦਿੰਦੀ ਹੈ।

**(10) ਬਾਬਾ ਰਾਮ ਸਿੰਘ ਜੀ ਨੂੰ 'ਬਾਬਾ' ਕਿਉਂ ਕਿਹਾ ਜਾਂਦਾ ਹੈ?**

**ਉੱਤਰ** - ਪੰਜਾਬ ਵਿੱਚ ਉੱਚੀ ਆਤਮਿਕ ਅਵਸਥਾ ਵਾਲ਼ੇ ਮਹਾਂਪੁਰਖਾਂ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ। ਇਹ ਸ਼ਬਦ ਸਨਮਾਨ ਦਾ ਸੂਚਕ ਹੈ। ਇਸ ਲਈ ਬਾਬਾ ਰਾਮ ਸਿੰਘ ਜੀ ਨੂੰ 'ਬਾਬਾ' ਕਿਹਾ ਜਾਂਦਾ ਸੀ।

**(11) ਬਾਬਾ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਦੀ ਭਲਾਈ ਲਈ ਕੀ-ਕੀ ਉਪਦੇਸ਼ ਦਿੱਤੇ?**

**ਉੱਤਰ** - ਬਾਬਾ ਜੀ ਨੇ ਕੁੜੀਆਂ ਨੂੰ ਮਾਰਨ ਵਿਰੁੱਧ ਅਵਾਜ਼ ਉਠਾਈ। ਉਹਨਾਂ ਨੇ ਕੁੜੀਆਂ ਦਾ ਮੁੰਡਿਆਂ ਵਾਂਗ ਪਾਲਣ-ਪੋਸ਼ਣ ਕਰਨ, ਪੜ੍ਹਾਉਣ ਤੇ ਵਿਆਹੁਣ ਉੱਤੇ ਜ਼ੋਰ ਦਿੱਤਾ।

**(12) ਕਾਲੀਦਾਸ ਕੌਣ ਸੀ? ਉਸ ਦੀ ਇੰਨੀ ਪ੍ਰਸਿੱਧੀ ਕਿਉਂ ਹੋਈ?**

**ਉੱਤਰ** - ਕਾਲੀਦਾਸ ਦੇ ਜਨਮ, ਥਾਂ, ਟਿਕਾਣੇ ਤੇ ਜੀਵਨ ਦੇ ਬਾਰੇ ਕੋਈ ਜਾਣਕਾਰੀ ਨਹੀਂ ਮਿਲ਼ਦੀ। ਖੋਜੀਆਂ ਦੇ ਅਨੁਮਾਨ ਅਨੁਸਾਰ ਉਹ ਈਸਾ ਤੋਂ 56 ਸਾਲ ਪਹਿਲਾਂ ਹੋਏ ਰਾਜਾ ਬਿਕ੍ਰਮਾਜੀਤ ਦੇ ਨੌਂ ਦਰਬਾਰੀ ਰਤਨਾਂ ਵਿਚੋਂ ਇੱਕ ਸੀ। ਉਸ ਦੀ ਇੰਨੀ ਪ੍ਰਸਿੱਧੀ ਉਸ ਦੀਆਂ ਸੁੰਦਰ ਕਾਵਿ ਰਚਨਾਵਾਂ ਕਰਕੇ ਹੋਈ।

**(13) ਬਿਕ੍ਰਮੀ ਸੰਮਤ ਕਦੋਂ ਅਤੇ ਕਿਹੜੇ ਬਾਦਸ਼ਾਹ ਦੇ ਨਾਂ ਤੋਂ ਸ਼ੁਰੂ ਹੋਇਆ?**

**ਉੱਤਰ** - ਬਿਕ੍ਰਮੀ ਸੰਮਤ ਪਹਿਲੀ ਸਦੀ ਈਸਵੀ ਤੋਂ 56 ਸਾਲ ਪਹਿਲਾਂ ਹੋਏ ਉਜੈਨ ਦੇ ਬਾਦਸ਼ਾਹ ਬਿਕ੍ਰਮਾਜੀਤ ਦੇ ਨਾਂ ਤੋ ਸ਼ੁਰੂ ਹੋਇਆ।

**(14) ਲੋਕ ਭਲਵਾਨਾਂ ਦਾ ਕਿਵੇਂ ਸਤਿਕਾਰ ਕਰਦੇ ਸਨ?**

**ਉੱਤਰ** - ਲੋਕ ਭਲਵਾਨਾਂ ਦੇ ਸਵਾਗਤ ਲਈ ਉਹਨਾਂ ਨੂੰ ਘਿਓ ਇਕੱਠਾ ਕਰਕੇ ਦਿੰਦੇ ਸਨ। ਉਹ ਉਹਨਾਂ ਲਈ ਗੁੜ ਤੇ ਕੱਪੜਿਆਂ ਦੇ ਥਾਨ ਵੀ ਇਕੱਠਾ ਕਰਕੇ ਦਿੰਦੇ ਸਨ। ਪੀਰਾਂ ਵਾਂਗ ਨਕਦੀ ਵੀ ਚੜ੍ਹਾਈ ਜਾਂਦੀ ਸੀ।

**(15) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ?**

**ਉੱਤਰ** - ਪੈਦਲ ਤੁਰਨ ਨਾਲ਼ ਸਰੀਰ ਨਿਰੋਗ ਰਹਿੰਦਾ ਹੈ। ਭੁੱਖ ਤੇਜ਼ ਹੁੰਦੀ ਹੈ ਅਤੇ ਉਦਾਸੀ ਖ਼ਤਮ ਹੁੰਦੀ ਹੈ। ਪੈਦਲ ਤੁਰਨ ਨਾਲ਼ ਸਵੈ-ਵਿਸ਼ਵਾਸ ਉਪਜਦਾ ਹੈ। ਜਿਨ੍ਹਾਂ ਨੂੰ ਤੁਰਨ ਦੀ ਆਦਤ ਹੁੰਦੀ ਹੈ, ਉਨ੍ਹਾਂ ਨੂੰ ਕੋਈ ਵੀ ਬਿਮਾਰੀ ਨਹੀਂ ਲਗਦੀ।

**(16) ਤੁਰਨ ਨਾਲ਼ ਸਾਨੂੰ ਕਿਹੜੇ-ਕਿਹੜੇ ਨੈਤਿਕ ਅਤੇ ਸਦਾਚਾਰਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ?**

**ਉੱਤਰ** - ਤੁਰਨ ਨਾਲ਼ ਮਨੁੱਖ ਸਰੀਰਕ ਤੌਰ 'ਤੇ ਸਿਹਤਮੰਦ, ਸੁੰਦਰ ਤੇ ਖੁਸ਼ ਰਹਿੰਦਾ ਹੈ। ਉਸ ਅੰਦਰ ਨੈਤਿਕ ਗੁਣ ਸਬਰ, ਸੰਤੋਖ, ਧੀਰਜ, ਗੰਭੀਰਤਾ, ਸਲੀਕਾ, ਪਿਆਰ ਆਦਿ ਉਤਪਨ ਹੋ ਜਾਂਦੇ ਹਨ।

**ਪ੍ਰਸ਼ਨ 7. ਕਹਾਣੀ ਭਾਗ ਦੀਆਂ ਦੋ ਕਹਾਣੀਆਂ ਵਿੱਚੋਂ ਇੱਕ ਦਾ ਸਾਰ ਲਿਖਣ ਲਈ ਲੋੜੀਂਦੀ ਸਮੱਗਰੀ। ਅੰਕ - 5**

## ਕੁਲਫ਼ੀ ਕਹਾਣੀ ਦਾ ਸਾਰ

'ਕੁਲਫ਼ੀ' ਕਹਾਣੀ ਵਿੱਚ ਪ੍ਰਿੰ: ਸੁਜਾਨ ਸਿੰਘ ਨੇ ਘੱਟ ਤਨਖਾਹ ਲੈਣ ਵਾਲ਼ੇ ਮੁਲਾਜ਼ਮ ਦੀ ਆਰਥਕ ਹਾਲਤ ਨੂੰ ਬਿਆਨ ਕਰਦੇ ਹੋਏ ਦੱਸਿਆ ਕਿ ਕਿਵੇਂ ਉਹ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਜਰੂਰੀ ਲੋੜਾਂ ਅਤੇ ਖਾਹਸ਼ਾਂ ਨੂੰ ਦਬਾਅ ਕੇ ਰੱਖਦਾ ਹੈ। ਜੂਨ ਮਹੀਨੇ ਦੀ ਦੁਪਹਿਰ ਨੂੰ ਕਹਾਣੀਕਾਰ ਸੁੱਤਾ ਪਿਆ ਸੀ। ਗਲੀ 'ਚੋਂ ਵਾਰੀ-ਵਾਰੀ ਕੁਲਫੀ ਅਤੇ ਮੁਰਮਰਾ ਵੇਚਣ ਵਾਲ਼ੇ ਦੀ ਅਵਾਜ ਸੁਣਾਈ ਦਿੱਤੀ। ਉਸ ਦਾ ਛੋਟਾ ਕਾਕਾ ਉਸ ਨੂੰ ਜਗਾ ਕੇ ਟਕਾ ਮੰਗਣ ਲੱਗਾ, ਪਰ ਮਹੀਨੇ ਦੀ 26 ਤਾਰੀਖ਼ ਹੋਣ ਕਰਕੇ ਜੇਬ ਖ਼ਾਲੀ ਸੀ। ਕਿਉਂਕਿ ਲੇਖਕ ਦੀ ਘੱਟ ਤਨਖਾਹ ਮਹੀਨੇ ਦੇ ਪਹਿਲੇ ਪੰਦਰਾਂ ਦਿਨ ਵਿੱਚ ਹੀ ਖਰਚ ਹੋ ਜਾਂਦੀ ਹੈ ।ਕਹਾਣੀਕਾਰ ਨੇ ਸ਼ਾਮੀ ਬਜਾਰੋਂ ਕੁਲਫ਼ੀ ਖੁਆਉਣ ਦਾ ਇਕਰਾਰ ਕਰਕੇ ਇਕ ਵਾਰ ਤਾਂ ਕਾਕੇ ਤੋਂ ਪਿੱਛਾ ਛੁਡਾਇਆ ਅਤੇ ਆਪ ਘਰੋਂ ਬਾਹਰ ਚਲਾ ਗਿਆ। ਸ਼ਾਮ ਨੂੰ ਜਦੋਂ ਉਹ ਘਰ ਪਰਤਿਆ ਤਾਂ ਕਾਕੇ ਨੇ ਕੁਲਫ਼ੀ ਦੀ ਮੰਗ ਕੀਤੀ, ਪਰ ਕਹਾਣੀਕਾਰ ਨੇ ਦਬਕਾ ਮਾਰ ਕੇ ਅਤੇ ਅਗਲੇ ਦਿਨ ਦਾ ਇਕਰਾਰ ਕਰ ਕੇ ਚੁੱਪ ਕਰਵਾਇਆ।

ਅਗਲੇ ਦਿਨ ਉਸ ਨੇ ਇਕ ਸਾਥੀ ਤੋਂ ਤਿੰਨ ਰੁਪਏ ਉਧਾਰ ਲਏ, ਪਰ ਉਹ ਘਰ ਦੀਆਂ ਲੋੜਾਂ ਖ਼ਾਤਰ ਉਸ ਦੀ ਪਤਨੀ ਨੇ ਲੈ ਲਏ। ਕਾਕਾ ਦੁਪਹਿਰ ਦੀ ਨੀਂਦ ਲੈ ਰਿਹਾ ਸੀ। ਜਾਂਦਿਆਂ ਹੀ ਕਾਕੇ ਨੇ ਕੁਲਫ਼ੀ ਮੰਗੀ। ਕਹਾਣੀਕਾਰ ਨੇ ਫਿਰ ਸ਼ਾਮ ਦਾ ਇਕਰਾਰ ਕੀਤਾ।ਸ਼ਾਮ ਨੂੰ ਉਹ ਜਾਣ ਬੁੱਝ ਕੇ ਘਰ ਲੇਟ ਆਇਆ। ਕਾਕਾ ਸੌਂ ਚੁੱਕਾ ਸੀ। ਅੱਧੀ ਰਾਤ ਉਹ ਕੁਲਫ਼ੀ-ਕੁਲਫ਼ੀ ਬੁੜ-ਬੁੜਾਉਣ ਲੱਗਾ। ਸਵੇਰੇ ਉੱਠ ਕੇ ਉਸ ਨੇ ਕੁਲਫ਼ੀ ਨਾ ਮੰਗੀ। ਪਰ ਦੁਪਹਿਰੇ ਜਦੋਂ ਬਾਹਰੋਂ ਕੁਲਫ਼ੀ ਵਾਲ਼ੇ ਦੀ ਅਵਾਜ ਆਈ, ਤਾਂ ਉਹ ਖੇਡ ਛੱਡ ਕੇ ਉਧਰ ਚਲਾ ਗਿਆ। ਕਹਾਣੀਕਾਰ ਦੱਬੇ ਪੈਰੀਂ ਉਸ ਮਗਰ ਗਿਆ।ਜਦੋਂ ਕੁਲਫ਼ੀ ਵਾਲ਼ਾ ਸ਼ਾਹਾਂ ਦੇ ਮੁੰਡੇ ਨੂੰ ਕੁਲਫ਼ੀ ਦੇ ਰਿਹਾ ਸੀ, ਤਾਂ ਕਾਕਾ ਉਸ ਨੂੰ ਧੁੱਸ ਦੇ ਕੇ ਪੈ ਗਿਆ , ਸ਼ਾਹਾਂ ਦਾ ਮੁੰਡਾ ਨਾਲੀ ਵਿਚ ਡਿੱਗ ਪਿਆ ਤੇ ਕੁਲਫ਼ੀ ਖ਼ਿਲਰ ਗਈ। ਜਦੋਂ ਉਹ ਉੱਠਿਆ ਤਾਂ ਕਾਕੇ ਨੇ ਫਿਰ ਢੁੱਡ ਮਾਰੀ ਤੇ ਉਹ ਮੁੜ ਡਿਗ ਪਿਆ। ਜਦੋਂ ਸ਼ਾਹਣੀ ਉਲ੍ਹਾਮਾ ਦੇਣ ਆਈ ਤਾਂ ਕਾਕੇ ਦੀ ਮਾਂ ਕਾਕੇ ਦੇ ਚਪੇੜ ਮਾਰਨ ਲੱਗੀ।ਪਰ ਕਹਾਣੀਕਾਰ ਨੇ ਰੋਕ ਲਿਆ ਅਤੇ ਕਿਹਾ ਕਿ ਕੁੱਝ ਵੰਡ ਸੁਦੈਣੇ, ਕਾਇਰ ਪਿਉ ਦੇ ਘਰ ਬਹਾਦਰ ਪੁੱਤ ਜੰਮਿਆ ਹੈ।

## ਮੜ੍ਹੀਆਂ ਤੋਂ ਦੂਰ ਕਹਾਣੀ ਦਾ ਸਾਰ

ਬਲਵੰਤ ਰਾਏ ਨੂੰ ਇੰਗਲੈਂਡ ਰਹਿੰਦਿਆਂ ਪੱਚੀ ਸਾਲ ਹੋ ਹਨ। ਆਪਣੀ ਮਾਂ ਦੀ ਇੱਛਾ ਪੂਰੀ ਕਰਨ ਲਈ ਉਸ ਨੂੰ ਆਪਣੇ ਨਾਲ਼ ਇੰਗਲੈਂਡ ਲੈ ਗਿਆ। ਐਤਵਾਰ ਨੂੰ ਕਹਾਣੀਕਾਰ ਨੇ ਬਲਵੰਤ ਰਾਏ ਦੇ ਪਰਿਵਾਰ ਨੂੰ ਉਸ ਦੀ ਮਾਂ ਸਮੇਤ ਖਾਣੇ ਉੱਤੇ ਸੱਦਿਆ, ਤਾਂ ਗੱਲਾਂ-ਗੱਲਾਂ ਵਿੱਚ ਬਲਵੰਤ ਰਾਏ ਦੀ ਮਾਂ ਕਹਾਣੀਕਾਰ ਦੀ ਪਤਨੀ ਦੀ ਮਾਂ ਦੇ ਸ਼ਹਿਰ ਰਾਵਲਪਿੰਡੀ ਦੀ ਹੋਣ ਕਰਕੇ ਉਸ ਦੀ ਮਾਸੀ ਬਣ ਗਈ। ਕਹਾਣੀਕਾਰ ਤੇ ਉਸਦੀ ਪਤਨੀ ਮਾਸੀ ਦੇ ਮਿਲਾਪੜੇ ਸੁਭਾਅ ਵੱਲ ਮੋਹੇ ਗਏ। ਅਗਲੇ ਐਤਵਾਰ ਜਦੋਂ ਕਹਾਣੀਕਾਰ ਤੇ ਉਸ ਦੀ ਪਤਨੀ ਨੇ ਮਾਸੀ ਨੂੰ ਗੁਰਦੁਆਰੇ ਲਿਜਾਣਾ ਚਾਹਿਆ ਤਾਂ ਉਸ ਦੇ ਪੁੱਤਰ, ਨੂੰਹ ਅਤੇ ਪੁੱਤ-ਪੋਤੀਆਂ ਵਿੱਚੋਂ ਕੋਈ ਵੀ ਵਿਹਲ ਜਾਂ ਰੁਚੀ ਦੀ ਘਾਟ ਦੱਸ ਕੇ ਨਾਲ਼ ਨਾ ਤੁਰਿਆ। ਮਾਸੀ ਨੇ ਗੁਰਦੁਆਰੇ ਜਾ ਕੇ ਜਦੋਂ ਲੰਗਰ ਪਕਾਇਆ ਤੇ ਫਿਰ ਮੰਦਰ ਵਿਚ ਭਜਨ ਗਾਏ ਤਾਂ ਦੋਹਾਂ ਥਾਵਾਂ ਦੇ ਪ੍ਰਧਾਨ ਬਹੁਤ ਪ੍ਰਭਾਵਿਤ ਹੋਏ। ਮਾਸੀ ਨੂੰ ਇੰਗਲੈਂਡ, ਓਥੋਂ ਦੇ ਲੋਕਾਂ, ਖੁੱਲ੍ਹੀਆਂ ਸੜਕਾਂ, ਸਾਫ-ਸੁਥਰਾ ਵਾਤਾਵਰਣ, ਖੁੱਲ੍ਹੇ ਖਾਣ-ਪੀਣ ਤੇ ਹੋਰਨਾਂ ਸਹੂਲਤਾਂ ਕਰਕੇ ਸੁਰਗ ਜਾਪਦਾ ਸੀ। ਇਹ ਸਭ ਦੇਖ ਕੇ ਉਹ ਚਾਹੁੰਣ ਲੱਗੀ ਕਿ ਉਹ ਸਦਾ ਹੀ ਉੱਥੇ ਰਹੇ ਤੇ ਉਸ ਦੇ ਪਤੀ ਨੂੰ ਵੀ ਉੱਥੇ ਬੁਲਾ ਲਿਆ ਜਾਵੇ। ਇੱਕ ਦਿਨ ਕਹਾਣੀਕਾਰ ਨੂੰ ਮਾਸੀ ਦਾ ਟੈਲੀਫੋਨ ਆਇਆ। ਲੇਖਕ ਮਾਸੀ ਦੀਆਂ ਗੱਲਾਂ ਸੁਣ ਸਮਝ ਗਿਆ ਕਿ ਉਹ ਬਹੁਤ ਉਦਾਸ ਹੈ। ਕਹਾਣੀਕਾਰ ਜਦੋਂ ਉਸ ਦੇ ਕੋਲ ਪੁੱਜਾ, ਤਾਂ ਉਹ ਭੁੱਬਾਂ ਮਾਰ-ਮਾਰ ਕੇ ਰੋਣ ਲੱਗ ਪਈ ਤੇ ਕਹਿਣ ਲੱਗੀ ਕਿ ਉਹ ਬਲਵੰਤ ਨੂੰ ਆਖ ਕੇ ਉਸ ਨੂੰ ਛੇਤੀ ਤੋਂ ਛੇਤੀ ਇੰਡੀਆ ਭਿਜਵਾ ਦੇਵੇ। ਕਹਾਣੀਕਾਰ ਨੂੰ ਮਾਸੀ ਤੋਂ ਪੁੱਛਣ ਤੇ ਪਤਾ ਲੱਗਾ ਕਿ ਇੰਗਲੈਂਡ ਦੇ ਜੀਵਨ ਤੋਂ ਮਾਸੀ ਦਾ ਇਸ ਕਰਕੇ ਮੋਹ ਛੁੱਟ ਗਿਆ ਕਿ ਉਸ ਦੇ ਪੁੱਤਰ ਬਲਵੰਤ ਰਾਏ ਕੋਲ ਉਸ ਦੀ ਕੋਈ ਗੱਲ ਸੁਣਨ ਦਾ ਵਕਤ ਨਹੀਂ ਹੈ। ਉਸ ਦੀ ਨੂੰਹ ਦਾ ਸੁਭਾਅ ਤਾਂ ਗੋਰਿਆਂ ਤੋਂ ਵੀ ਭੈੜਾ ਹੈ। ਉਹਨਾਂ ਦੇ ਬੱਚੇ ਮੁੰਡਾ ਤੇ ਕੁੜੀਆਂ ਉਨ੍ਹਾਂ ਦੇ ਕਹਿਣੇ ਵਿੱਚ ਨਹੀਂ। ਵੱਡੀ ਕੁੜੀ ਮੀਰਾ ਚੰਗੀ ਹੈ, ਪਰ ਉਸ ਨਾਲ਼ ਮਾਸੀ ਦੀ ਬੋਲੀ ਦੀ ਸਾਂਝ ਨਹੀਂ ਹੈ। ਉਹ ਉਨ੍ਹਾਂ ਲਈ ਖਾਣਾ ਬਣਾ ਕੇ ਵਕਤ ਨਹੀਂ ਗੁਜ਼ਾਰ ਸਕਦੀ ਕਿਉਂਕਿ ਸਾਰਿਆਂ ਦੇ ਖਾਣ-ਪੀਣ ਦੇ ਰਾਹ ਅਲੱਗ-ਅਲੱਗ ਹਨ। ਮਾਸੀ ਇਹ ਸਾਰੀਆਂ ਗੱਲਾਂ ਦੱਸ ਕੇ ਮੁੜ ਰੋਣ ਲੱਗ ਪਈ। ਕਹਾਣੀਕਾਰ ਨੇ ਉਸ ਨੂੰ ਤਸੱਲੀ ਦਿੰਦਿਆਂ ਕਿਹਾ ਕਿ ਹੁਣ ਉਸ ਨੂੰ ਇੰਡੀਆ ਜਾਣਾ ਹੀ ਚਾਹੀਦਾ ਹੈ ਨਹੀਂ ਤਾਂ ਇਹ ਮੜ੍ਹੀਆਂ ਵਰਗੀ ਇਕੱਲ ਉਸ ਨੂੰ ਨਿਗਲ ਜਾਵੇਗੀ। ਮਾਸੀ ਨੇ ਹੁਣ ਇੰਗਲੈਂਡ ਨੂੰ ਮੜ੍ਹੀਆਂ ਤੋਂ ਵੀ ਕੋਈ ਦੂਰ ਦੀ ਕੋਈ ਚੀਜ਼ ਦੱਸਿਆ ।

## ਬਾਗ਼ੀ ਦੀ ਧੀ - ਕਹਾਣੀ ਦਾ ਸਾਰ

ਦੇਸ਼ ਵਿੱਚ ਚੱਲ ਰਹੀ ਅਜ਼ਾਦੀ ਦੀ ਲੜਾਈ ਸਮੇਂ ਜਦੋਂ ਪੁਲਿਸ ਕਿਸ਼ਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਆਈ, ਤਾਂ ਉਸ ਸਮੇਂ ਉਸ ਦੀ ਧੀ ਲਾਜ ਦੀ ਉਮਰ 12 ਕੁ ਸਾਲ ਦੀ ਸੀ ਅਤੇ ਲਾਜ ਨੂੰ 102° ਬੁਖ਼ਾਰ ਸੀ। ਕਿਸ਼ਨ ਸਿੰਘ ਦੀ ਪਤਨੀ ਅਤੇ ਲਾਜ ਦੀ ਮਾਂ ਸ਼ਰਨ ਕੌਰ ਵੀ ਘਰ ਨਹੀਂ ਸੀ, ਉਹ ਔਰਤਾਂ ਦੀ ਇੱਕ ਮੀਟਿੰਗ ਵਿੱਚ ਗਈ ਹੋਈ ਸੀ। ਕਿਸ਼ਨ ਸਿੰਘ ਨੂੰ ਜੇਲ੍ਹ ਜਾਣ ਦਾ ਡਰ ਨਹੀਂ ਸੀ, ਪਰ

ਲਾਜ ਦੀ ਬਿਮਾਰੀ ਕਾਰਨ ਉਹ ਫ਼ਿਕਰਮੰਦ ਸੀ। ਲਾਜ ਨੇ ਉਸ ਨੂੰ ਬੇਫ਼ਿਕਰ ਹੋ ਕੇ ਜੇਲ੍ਹ ਜਾਣ ਲਈ ਪ੍ਰੇਰਿਆ। ਕਿਸ਼ਨ ਸਿੰਘ ਲਾਜ ਨੂੰ ਆਪਣੀ ਭੈਣ ਵੀਰਾਂ ਵਾਲੀ ਦੇ ਆਸਰੇ ਛੱਡ ਕੇ ਆਪ ਪੁਲਿਸ ਵਾਲਿਆਂ ਨਾਲ਼ ਚਲਾ ਗਿਆ।

ਦੂਜੇ ਪਾਸੇ ਕੌਮੀ ਝੰਡਾ ਹੱਥ ਵਿੱਚ ਫੜ ਕੇ ਔਰਤਾਂ ਦੇ ਜਲੂਸ ਦੀ ਅਗਵਾਈ ਕਰ ਰਹੀ ਸ਼ਰਨ ਕੌਰ ਨੇ ਵੀ ਗ੍ਰਿਫ਼ਤਾਰੀ ਦੇ ਦਿੱਤੀ। ਉੱਥੇ ਕਿਸ਼ਨ ਸਿੰਘ ਨੇ ਬੀਬੀਆਂ ਦੇ ਜੇਲ੍ਹ ਅਧਿਕਾਰੀ ਨਾਲ਼ ਝੰਡੇ ਸੰਬੰਧੀ ਹੋ ਰਹੇ ਝਗੜੇ ਨੂੰ ਨਿਪਟਾਇਆ ਤੇ ਫਿਰ ਦੋਵੇਂ ਪਤੀ-ਪਤਨੀ ਵੱਖਰੇ-ਵੱਖਰੇ ਵਾਰਡਾਂ ਵਿੱਚ ਕੈਦ ਕਰ ਦਿੱਤੇ ਗਏ। ਲਾਜ ਦਾ ਬੁਖ਼ਾਰ ਠੀਕ ਹੋਣ ਮਗਰੋਂ ਵੀਰਾਂਵਾਲੀ ਉਸ ਨੂੰ ਆਪਣੇ ਘਰ ਲੈ ਗਈ। ਜਦੋਂ ਵੀਰਾਂਵਾਲੀ ਦਾ ਪਤੀ ਹੁਸ਼ਨਾਕ ਸਿੰਘ ਛੁੱਟੀ ਆਇਆ ਤਾਂ ਉਹ ਲਾਜ ਨੂੰ ਦੇਖ ਕੇ ਗੁੱਸੇ ਨਾਲ਼ ਭਰ ਗਿਆ। ਕਿਉਂਕਿ ਉਸ ਨੂੰ ਆਸ ਸੀ ਕਿ ਉਸ ਨੂੰ ਸੂਬੇਦਾਰ ਮੇਜਰ ਬਣਾ ਦਿੱਤਾ ਜਾਵੇਗਾ, ਪਰ ਬਾਗ਼ੀਆਂ ਦੀ ਧੀ ਘਰ ਵਿੱਚ ਰੱਖਣ ਕਰਕੇ ਉਸ ਦੀ ਤਰੱਕੀ ਰੁਕ ਸਕਦੀ ਹੈ। ਉਸ ਨੇ ਵੀਰਾਂਵਾਲੀ ਨੂੰ ਕਿਹਾ ਕਿ ਬਾਗ਼ੀਆਂ ਦੀ ਧੀ ਨੂੰ ਘਰ ਵਿੱਚ ਰੱਖ ਕੇ ਉਸ ਨੇ ਉਸ ਦੀ ਤਰੱਕੀ ਦੇ ਰਾਹ ਵਿੱਚ ਰੋਕ ਪਾਈ ਹੈ। ਛੁੱਟੀ ਖ਼ਤਮ ਹੋਣ ’ਤੇ ਹੁਸ਼ਨਾਕ ਸਿੰਘ ਵੀਰਾਂਵਾਲੀ ਨੂੰ ਟਾਂਗੇ ਵਿੱਚ ਬੈਠਾ ਕੇ ਆਪਣੇ ਨਾਲ਼ ਲੈ ਗਿਆ ਤੇ ਲਾਜ ਬੂਹੇ ਵਿੱਚ ਕੁੜੀਆਂ ਨਾਲ਼ ਖੇਡਦੀ ਪਿੱਛੇ ਰਹਿ ਗਈ।

ਵੀਰਾਂਵਾਲੀ ਆਪਣੇ ਭਰਾ ਨਾਲ਼ ਅਮਾਨਤ ਵਿੱਚ ਖ਼ਿਆਨਤ ਕਰਨ ਦੇ ਸਦਮੇ ਨੂੰ ਨਾ ਸਹਾਰ ਸਕੀ ਅਤੇ ਮਰ ਗਈ। ਲਾਜ ਹੁਣ ਲਾਹੌਰ ਤਪਦਿਕ ਦੇ ਹਸਪਤਾਲ ਵਿੱਚ ਦਾਖ਼ਲ ਸੀ। ਰਿਹਾਈ ਤੋਂ ਬਾਅਦ ਸ਼ਰਨ ਕੌਰ ਹਸਪਤਾਲ ਪਹੁੰਚ ਗਈ। ਉੱਥੇ ਉਸ ਨੂੰ ਪਤਾ ਲੱਗਾ ਕਿ ਲਾਜ ਦੇ ਅਸਲੀ ਨਾਂ ਤੋਂ ਹਸਪਤਾਲ ਵਿੱਚ ਕੋਈ ਨਹੀਂ ਜਾਣਦਾ ਸੀ, ਸਗੋਂ ਉਸ ਦਾ ਨਾਂ ‘ਬਾਗ਼ੀ ਦੀ ਧੀ’ ਹੀ ਪ੍ਰਸਿੱਧ ਹੋ ਚੁੱਕਾ ਸੀ। ਇੱਕ ਸਫ਼ਾਈ ਸੇਵਿਕਾ ਤੋਂ ਪਤਾ ਕਰ ਕੇ ਜਦੋਂ ਉਹ ਲਾਜ ਦੇ ਕਮਰੇ ਵਿੱਚ ਪੁੱਜੀ ਤਾਂ ਲਾਜ ਮਰ ਚੁੱਕੀ ਸੀ।

## 6. ਧਰਤੀ ਹੇਠਲਾ ਬਲ਼ਦ ਕਹਾਣੀ ਦਾ ਸਾਰ

ਮਾਨ ਸਿੰਘ ਬਰਮਾ ਦੇ ਫਰੰਟ ਤੋਂ ਫ਼ੌਜ ਵਿੱਚੋਂ ਛੁੱਟੀ ਕੱਟਣ ਲਈ ਆਉਂਦਾ ਹੈ, ਤਾਂ ਉਹ ਖ਼ੁਸ਼ੀ-ਖ਼ੁਸ਼ੀ ਆਪਣੇ ਫ਼ੌਜੀ ਮਿੱਤਰ ਕਰਮ ਸਿੰਘ ਦੀ ਇੱਛਾ ਅਨੁਸਾਰ ਉਸ ਦੇ ਪਰਿਵਾਰ ਨੂੰ ਮਿਲ਼ਣ ਲਈ ਆਪਣੇ ਪਿੰਡ ਚੂਹੜਕਾਣੇ ਤੋਂ ਮਾਝੇ ਵਿੱਚ ਉਸ ਦੇ ਪਿੰਡ ਠੱਠੀਖਾਰੇ ਜਾਂਦਾ ਹੈ। ਪਰ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਕਰਮ ਸਿੰਘ ਦੇ ਲੜਾਈ ਵਿੱਚ ਮਾਰੇ ਜਾਣ ਦੀ ਖ਼ਬਰ ਪਰਿਵਾਰ ਕੋਲ ਪਹੁੰਚ ਜਾਂਦੀ ਹੈ। ਮਾਨ ਸਿੰਘ ਨੂੰ ਕਰਮ ਸਿੰਘ ਦਾ ਬਾਪੂ ਅਤੇ ਉਸ ਦਾ ਬਾਕੀ ਪਰਿਵਾਰ ਉਸ ਦੇ ਪਹੁੰਚਣ ’ਤੇ ਖ਼ੁਸ਼ ਨਾ ਜਾਪਿਆ। ਕਰਮ ਸਿੰਘ ਦੀ ਮਾਂ ਮਾਨ ਸਿੰਘ ਲਈ ਚਾਹ ਲੈ ਕੇ ਆਈ, ਤਾਂ ਉਸ ਨੇ ਵੀ ਮਾਨ ਸਿੰਘ ਨਾਲ਼ ਗੱਲਬਾਤ ਕਰਨ ਲਈ ਕੋਈ ਦਿਲਚਸਪੀ ਜ਼ਾਹਰ ਨਾ ਕੀਤੀ। ਜਦੋਂ ਮਾਨ ਸਿੰਘ ਕਰਮ ਸਿੰਘ ਦੀਆਂ ਫ਼ੌਜ ਵਿੱਚ ਪ੍ਰਾਪਤੀਆਂ ਬਾਰੇ ਉਸ ਦੇ ਛੋਟੇ ਭਰਾ ਜਸਵੰਤ ਸਿੰਘ ਨਾਲ਼ ਗੱਲਾਂ ਕਰਨ ਲੱਗਾ, ਤਾਂ ਉਸ ਨੇ ਵੀ ਬਹੁਤੀ ਖ਼ੁਸ਼ੀ ਜ਼ਾਹਰ ਨਹੀਂ ਕੀਤੀ। ਮਾਨ ਸਿੰਘ ਨਾਲ਼ ਤਰਨਤਾਰਨ ਗਿਆ ਜਸਵੰਤ ਸਿੰਘ ਵੀ ਘੁੱਟਿਆ-ਘੁੱਟਿਆ ਰਿਹਾ।

ਤਰਨਤਾਰਨ ਤੋਂ ਵਾਪਸ ਆ ਕੇ ਮਾਨ ਸਿੰਘ ਕਰਮ ਸਿੰਘ ਦੇ ਪਰਿਵਾਰ ਦੇ ਨਾਖ਼ੁਸ਼ ਜਿਹੇ ਵਰਤਾਓ ਕਾਰਨ ਵਾਪਸ ਜਾਣ ਦੀਆਂ ਸਲਾਹਾਂ ਹੀ ਕਰ ਰਿਹਾ ਸੀ ਕਿ ਡਾਕੀਆ ਕਰਮ ਸਿੰਘ ਦੀ ਪੈਨਸ਼ਨ ਦੇ ਕਾਗਜ਼ ਲੈ ਕੇ ਆ ਗਿਆ, ਜਿਸ ਤੋਂ ਉਸ ਨੂੰ ਕਰਮ ਸਿੰਘ ਦੀ ਮੌਤ ਬਾਰੇ ਪਤਾ ਲੱਗ ਜਾਂਦਾ ਹੈ। ਕਰਮ ਸਿੰਘ ਦਾ ਬਾਪੂ ਵੀ ਡਾਕੀਏ ਨੂੰ ਦੇਖ ਕੇ ਸਮਝ ਜਾਂਦਾ ਹੈ ਕਿ ਹੁਣ ਗੱਲ ਛੁਪਾਉਣ ਦਾ ਕੋਈ ਲਾਭ ਨਹੀਂ ਹੈ। ਉਹ ਇਸ ਬਾਰੇ ਮਾਨ ਸਿੰਘ ਨੂੰ ਦੱਸਦਾ ਹੈ ਕਿ ਉਹ ਉਸ ਦੀ ਛੁੱਟੀ ਨਹੀਂ ਖ਼ਰਾਬ ਕਰਨਾ ਚਾਹੁੰਦੇ ਸਨ, ਕਿਉਂਕਿ ਫ਼ੌਜੀ ਨੂੰ ਛੁੱਟੀ ਬਹੁਤ ਪਿਆਰੀ ਹੁੰਦੀ ਹੈ, ਇਸ ਲਈ ਉਹਨਾਂ ਨੇ ਕਰਮ ਸਿੰਘ ਦੀ ਮੌਤ ਦੀ ਖ਼ਬਰ ਉਸ ਤੋਂ ਛੁਪਾਈ ਸੀ। ਜਦੋਂ ਮਾਨ ਸਿੰਘ ਵਾਪਸ ਜਾਂਦਿਆਂ ਕਿਲ੍ਹਿਆਂ ਵਰਗੇ ਮਾਝੇ ਦੇ ਪਿੰਡ ਤੇ ਧਾੜਵੀਆਂ ਦਾ ਟਾਕਰਾ ਕਰਨ ਵਾਲ਼ੇ ਸ਼ਹੀਦਾਂ ਦੀਆਂ ਮੜ੍ਹੀਆਂ ਤੇ ਸਮਾਧਾਂ ਦੇਖਦਾ ਹੈ, ਤਾਂ ਉਹ ਸਮਝ ਜਾਂਦਾ ਹੈ ਕਿ ਕਰਮ ਸਿੰਘ ਦੇ ਬਾਪ ਵਿੱਚ ਇੰਨੀ ਸਹਿਣ-ਸ਼ਕਤੀ ਕਿਉਂ ਹੈ। ਉਹ ਦੂਜਿਆਂ ਨੂੰ ਦੁੱਖਾਂ ਦੇ ਭਾਰ ਤੋਂ ਹੌਲਾ ਰੱਖਣ ਲਈ ਸਾਰਾ ਭਾਰ ਆਪ ਹੀ ਚੁੱਕਣ ਦੀ ਕੋਸ਼ਿਸ ਕਰਦਾ ਹੈ। ਇਸ ਤਰ੍ਹਾਂ ਮਾਨ ਸਿੰਘ ਨੂੰ ਕਰਮ ਸਿੰਘ ਦਾ ਬਾਪ ‘ਧਰਤੀ ਹੇਠਲਾ ਬਲ਼ਦ’ ਪ੍ਰਤੀਤ ਹੋਇਆ।

**ਪ੍ਰਸ਼ਨ 8. ਕਹਾਣੀ ਭਾਗ ਦੇ ਦਿੱਤੇ ਚਾਰ ਪ੍ਰਸਨਾਂ ਵਿਚੋਂ ਦੋ ਦੇ ਉੱਤਰ ਦੇਣ ਲਈ ਲੋੜੀਂਦੀ ਸਮੱਗਰੀ। ਅੰਕ - 2+2=4**

**(1) ਕੁਲਫ਼ੀ ਵਾਲ਼ੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ?**

**ਉੱਤਰ -** ਕੁਲਫ਼ੀ ਵਾਲ਼ੇ ਦਾ ਹੋਕਾ ਸੁਣ ਕੇ ਲੇਖਕ ਦੀਆਂ ਅੱਖਾਂ ਸਾਹਮਣੇ ਚਿੱਟੀ ਦੁੱਧ ਕੁਲਫ਼ੀ ਨੱਚਣ ਲੱਗੀ। ਉਸ ਦੇ ਮੂੰਹ ਵਿੱਚ ਪਾਣੀ ਆ ਗਿਆ ਪਰ ਉਹ ਆਪਣੀ ਆਰਥਿਕ ਤੰਗੀ ਕਰਕੇ ਕੁਲਫ਼ੀ ਖ਼ਰੀਦਣ ਤੋਂ ਅਸਮਰਥ ਸੀ। ਉਹ ਸੋਚ ਰਿਹਾ ਸੀ ਕਿ ਉਸ ਦੀ ਤਨਖ਼ਾਹ ਤਾਂ ਮਹੀਨੇ ਦੇ ਪਹਿਲੇ ਪੰਦਰਾਂ ਦਿਨ ਵਿਚ ਹੀ ਉਡ-ਪੁੱਡ ਜਾਂਦੀ ਹੈ। ਉਹ ਪੈਸੇ ਦੀ ਤੰਗੀ ਨੂੰ ਹਵਾਲ਼ਾਤ ਦੀ ਤੰਗੀ ਤੋਂ ਵੀ ਭੈੜੀ ਅਨੁਭਵ ਕਰ ਰਿਹਾ ਸੀ।

**(2) ਕਾਕਾ ਸੁਪਨੇ ਵਿਚ ਕਿਉਂ ਬੁੜਬੁੜਾ ਰਿਹਾ ਸੀ?**

**ਉੱਤਰ** - ਕਾਕਾ ਸੁਪਨੇ ਵਿਚ ਇਸ ਕਰਕੇ ਬੁੜ-ਬੁੜਾ ਰਿਹਾ ਸੀ, ਕਿਉਂਕਿ ਭਾਵੇਂ ਉਹ ਸੁੱਤਾ ਪਿਆ ਸੀ ਪਰ ਉਸ ਦਾ ਅਚੇਤ ਮਨ ਜਾਗ ਰਿਹਾ ਸੀ ਅਤੇ ਉਸ ਦੇ ਅਚੇਤ ਮਨ ਉੱਤੇ ਉਸ ਦੀ ਕੁਲਫ਼ੀ ਖਾਣ ਦੀ ਅਪੂਰਤ ਇੱਛਾ ਹੀ ਭਾਰੂ ਸੀ। ਮਨੋਵਿਗਿਆਨ ਅਨੁਸਾਰ ਇਹ ਕਾਕੇ ਦੀ ਸਿਹਤਮੰਦ ਮਾਨਸਿਕ ਅਵਸਥਾ ਦਾ ਸੂਚਕ ਨਹੀਂ।

**(3) ਲੇਖਕ 'ਕੁਲਫ਼ੀ' ਕਹਾਣੀ ਵਿਚ ਕੀ ਸੰਦੇਸ਼ ਦੇਣਾ ਚਾਹੁੰਦਾ ਹੈ?**

**ਉੱਤਰ** - ਕਹਾਣੀਕਾਰ ਇਸ ਕਹਾਣੀ ਵਿਚ ਦੱਸਣਾ ਚਾਹੁੰਦਾ ਹੈ ਕਿ ਕਿਰਤੀ ਦੀਆਂ ਆਰਥਿਕ ਮੁਸ਼ਕਲਾਂ ਦਾ ਹੱਲ ਸਰਮਾਏਦਾਰਾਂ ਕੋਲੋਂ ਧਨ ਅਤੇ ਜਾਇਦਾਦ ਖੋਹ ਲੈਣ ਨਾਲ਼ ਹੀ ਹੋ ਸਕਦਾ ਹੈ। ਕਹਾਣੀਕਾਰ ਕੁਲਫ਼ੀ ਖੋਹਣ ਦੀ ਘਟਨਾ ਤੋਂ ਮਾਸੂਮ ਬੱਚੇ ਵਿਚ ਵਿਦਰੋਹ ਦੀ ਭਾਵਨਾ ਦਿਖਾ ਕੇ ਭਵਿੱਖ ਵਿਚ ਜਾਗ ਰਹੇ ਲੋਕ-ਯੁੱਧ ਦਾ ਦ੍ਰਿਸ਼ ਸਾਕਾਰ ਕਰਦਾ ਹੈ। ਇਸ ਪ੍ਰਕਾਰ ਇਹ ਕਹਾਣੀ ਕ੍ਰਾਂਤੀਕਾਰੀ ਤੇ ਅਗਾਂਹਵਧੂ ਭਾਵਨਾ ਦਾ ਸੰਦੇਸ਼ ਦਿੰਦੀ ਹੈ।

**(4) ਲੇਖਕ ਦੀ ਮਾਸੀ ਦਾ ਸੁਭਾਅ ਕਿਹੋ ਜਿਹਾ ਹੈ?**

**ਉੱਤਰ** - ਮਾਸੀ 'ਮੜ੍ਹੀਆਂ ਤੋਂ ਦੂਰ' ਕਹਾਣੀ ਦੀ ਮੁੱਖ ਪਾਤਰ ਹੈ। ਉਹ ਸਰੀਰਕ ਤੌਰ ਤੇ ਖ਼ੂਬਸੂਰਤ ਹੋਣ ਤੋਂ ਇਲਾਵਾ ਮਿਲਾਪੜੇ, ਮਿੱਠੇਅਤੇ ਮੋਹ ਲੈਣ ਵਾਲ਼ੇ ਸਭਾਅ ਦੀ ਮਾਲਕ ਹੈ। ਆਪਣੀ ਇੰਗਲੈਂਡ ਜਾਣ ਦੀ ਇੱਛਾ ਪੂਰੀ ਕਰਨ ਲਈ ਉਹ ਨਿਹੋਰਿਆਂ ਤੇ ਗਿਲਿਆਂ ਤੋਂ ਕੰਮ ਲੈਂਦੀ ਹੈ। ਭਾਵੁਕ ਹੋਣ ਕਰਕੇ ਸ਼ੁਰੂ ਵਿੱਚ ਉਹ ਇੰਗਲੈਂਡ ਦੀ ਖ਼ੁਸ਼ਹਾਲੀ, ਸੁੰਦਰਤਾ ਅਤੇ ਸੁੱਖ ਸਹੂਲਤਾਂ ਨੂੰ ਦੇਖ ਕੇ ਮੋਹਿਤ ਹੋ ਜਾਂਦੀ ਹੈ। ਉਹ ਧਾਰਮਿਕ ਭੇਦਭਾਵ ਤੋਂ ਰਹਿਤ, ਲੰਗਰ ਵਿੱਚ ਸੇਵਾ ਕਰਨ ਵਾਲੀ ਅਤੇ ਭਜਨ ਗਾਉਣ ਵਾਲੀ ਔਰਤ ਹੈ। ਉਹ ਸਫਾਈ ਪਸੰਦ ਅਤੇ ਖਾਣ-ਪੀਣ ਦੀ ਸ਼ੌਕੀਨ ਹੈ, ਪਰ ਉਸ ਨੂੰ ਮਾਸਾਹਾਰੀ ਭੋਜਨ ਬਿਲਕੁਲ ਵੀ ਪਸੰਦ ਨਹੀਂ। ਉਹ ਇੰਗਲੈਂਡ ਦੇ ਬੇਗਾਨੇ ਸੱਭਿਆਚਾਰ ਵਿੱਚ ਅਪਣੱਤਹੀਨ ਜੀਵਨ ਨੂੰ ਦੇਖ ਕੇ ਘੋਰ ਨਿਰਾਸ਼ ਹੋ ਜਾਂਦੀ ਹੈ।

**(5) ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਬੱਚਿਆਂ ਦਾ ਆਪਣੇ ਮਾਪਿਆਂ ਪ੍ਰਤੀ ਵਤੀਰਾ ਕਿਹੋ ਜਿਹਾ ਹੈ?**

**ਉੱਤਰ** - ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਬੱਚੇ ਆਪਣੇ ਮਾਪਿਆਂ ਦੇ ਕਹਿਣੇ ਵਿੱਚ ਨਹੀਂ ਹਨ। ਉਹ ਆਪਣੀ ਮਰਜ਼ੀ ਨਾਲ਼ ਆਪਣੇ ਦੋਸਤਾਂ, ਮਿੱਤਰਾਂ ਨਾਲ਼ ਘੁੰਮਦੇ ਹਨ, ਪ੍ਰੋਗਰਾਮ ਬਣਾਉਂਦੇ ਹਨ, ਪਰ ਆਪਣੇ ਮਾਤਾ-ਪਿਤਾ ਦੀ ਪ੍ਰਵਾਹ ਨਹੀਂ ਕਰਦੇ। ਉਨ੍ਹਾਂ ਨੂੰ ਮਾਪਿਆਂ ਨਾਲ਼ ਮੰਦਰ ਜਾਂ ਗੁਰਦੁਆਰੇ ਜਾਣਾ ਵੀ ਪਸੰਦ ਨਹੀਂ ।

**(6) ਮਾਸੀ ਵੱਲੋਂ ਅਜਿਹੀ ਕਿਹੜੀ ਗੱਲ ਕਹੀ ਗਈ ਸੀ, ਜਿਸ ਨੇ ਲੇਖਕ ਨੂੰ ਕੀਲ ਲਿਆ ਸੀ?**

**ਉੱਤਰ** - ਜਦੋਂ ਮਾਸੀ ਨੇ ਲੇਖਕ ਦੇ ਪੁੱਛਣ ਤੇ ਦੱਸਿਆ ਕਿ ਉਹ ਗੁਰਦੁਆਰੇ ਅਤੇ ਮੰਦਰ ਵਿੱਚ ਫ਼ਰਕ ਨਹੀਂ ਸਮਝਦੀ, ਉਹ ਦੋਵੇਂ ਥਾਵਾਂ ਤੇ ਜਾਵੇਗੀ। ਪਾਕਿਸਤਾਨ ਬਣਨ ਤੋਂ ਪਹਿਲਾਂ ਹਿੰਦੂਆਂ ਨੂੰ ਗੁਰੂ-ਘਰ ਨਾਲ਼ ਬਹੁਤ ਪਿਆਰ ਅਤੇ ਲਗਾਅ ਸੀ। ਉਹ ਆਪਣੇ ਇਕ ਪੁੱਤਰ ਨੂੰ ਸਿੱਖ ਜ਼ਰੂਰ ਬਣਾਉਂਦੇ ਸਨ। ਇਰ ਫ਼ਰਕ ਵਾਲੀ ਬਿਮਾਰੀ ਤਾਂ ਹੁਣੇ ਹੀ ਚੱਲ ਪਈ ਹੈ। ਇਹਨਾਂ ਗੱਲਾਂ ਨੇ ਲੇਖਕ ਨੂੰ ਕੀਲ ਲਿਆ ।

**(7) ਕਰਤਾਰ ਸਿੰਘ ਦੇ ਛੋਟੀ ਉਮਰੇ ਦੁਨੀਆ ਤੋਂ ਤੁਰ ਜਾਣ ਦੇ ਕੀ ਕਾਰਨ ਸਨ?**

**ਉੱਤਰ** - ਕਰਤਾਰ ਸਿੰਘ ਦੇ ਛੋਟੀ ਉਮਰੇ ਦੁਨੀਆ ਤੋਂ ਤੁਰ ਜਾਣ ਦੇ ਕਾਰਨ ਉਸ ਦੇ ਕਈ ਪ੍ਰਕਾਰ ਦੇ ਵੈਲ ਸਨ। ਉਹ ਸ਼ਰਾਬ ਪੀਂਦਾ, ਅਫ਼ੀਮ ਖਾਂਦਾ ਅਤੇ ਨਸ਼ੇ ਦੀਆਂ ਗੋਲੀਆਂ ਵੀ ਖਾਣ ਲੱਗ ਪਿਆ ਸੀ। ਉਹ ਨਸਵਾਰ ਤੇ ਬੀੜਾ ਵੀ ਲੈਂਦਾ ਸੀ।

**(8) ਅਮਰੀਕ ਦੇ ਦਾਦੇ ਨੇ ਗਹਿਣੇ ਪਈ ਆਪਣੀ ਪੈਲੀ ਨੂੰ ਕਿਵੇਂ ਛੁਡਾਇਆ?**

**ਉੱਤਰ** - ਅਮਰੀਕਾ ਦਾ ਦਾਦਾ ਕਰਜ਼ੇ ਹੇਠ ਦੱਬੇ ਜਾਣ ਪਿੱਛੋਂ ਜ਼ਮੀਨ ਦੇ ਗਹਿਣੇ ਪੈਣ ਕਰਕੇ ਸਿੰਘਾਪੁਰ ਚਲਾ ਗਿਆ ਤੇ ਉੱਥੇ ਜਾ ਕੇ ਕਮਾਈ ਕਰ ਕੇ ਉਸ ਨੇ ਹੌਲ਼ੀ ਹੌਲ਼ੀ ਆਪਣੀ ਗਹਿਣੇ ਪਈ ਜ਼ਮੀਨ ਨੂੰ ਛੁਡਵਾ ਲਿਆ।

**(9) ਅਮਰੀਕ ਸਿੰਘ ਨੂੰ ਘਰਦਿਆਂ ਨਾਲ਼ ਕਿਸ ਗੱਲ ਦਾ ਇਤਰਾਜ਼ ਸੀ?**

**ਉੱਤਰ** - ਅਮਰੀਕ ਸਿੰਘ ਨੂੰ ਘਰਦਿਆਂ ਨਾਲ਼ ਇਸ ਗੱਲ ਦਾ ਇਤਰਾਜ਼ ਸੀ ਕਿ ਉਨ੍ਹਾਂ ਉਸ ਤੋਂ ਆਪਣੇ ਪਿਓ ਦੁਆਰਾ ਕੀਤੇ ਵੈਲ ਅਤੇ ਬਹੁਤ ਸਾਰੀਆਂ ਮਾੜੀਆਂ ਗੱਲਾਂ ਲੁਕਾ ਕੇ ਰੱਖੀਆਂ ਸਨ।

**(10) ਬੰਮ ਨੂੰ ਮਾਤਾਦੀਨ ਨਾਲ਼ ਕਿਸ ਗੱਲੋਂ ਈਰਖਾ ਸੀ?**

**ਉੱਤਰ** - ਬੰਮ ਨੂੰ ਮਾਤਾਦੀਨ ਨਾਲ਼ ਈਰਖਾ ਸੀ,ਕਿਉਂਕਿ ਉਹ ਉਸ ਦੇ ਰਾਤਬ ਵਿਚੋਂ ਚੋਰੀ ਕਰਦਾ ਸੀ ਤੇ ਉਸ ਤੋਂ ਉਸ ਦੇ ਹੱਕ ਖੋਹ ਰਿਹਾ ਸੀ। ਜਦੋਂ ਮਹਾਰਾਜ ਦੇ ਸ਼ਿਕਾਰ ਖੇਡਣ ਜਾਣ ਲਈ ਮਾਤਾਦੀਨ ਨੇ ਬੰਮ ਦੀ ਥਾਂ ਕਿਸੇ ਹੋਰ ਹਾਥੀ ਨੂੰ ਭੇਜ ਦਿੱਤਾ ਤਾਂ, ਬੰਮ ਦਾ ਗੁੱਸਾ ਅਤੇ ਈਰਖਾ ਫੁੱਟ ਪਿਆ ਅਤੇ ਉਸ ਨੇ ਮਾਤਾਦੀਨ ਨੂੰ ਕੁਚਲ ਕੇ ਮਾਰ ਦਿੱਤਾ।

**(11) ਮਹਾਰਾਜ ਤੇ ਮਹਾਰਾਣੀ ਦਾ ਬੰਮ ਬਹਾਦਰ ਪ੍ਰਤਿ ਕਿਹੋ-ਜਿਹਾ ਵਤੀਰਾ ਸੀ?**

**ਉੱਤਰ** - ਮਹਾਰਾਜ ਤੇ ਮਹਾਰਾਣੀ ਦਾ ਬੰਮ ਬਹਾਦਰ ਪ੍ਰਤੀ ਵਰਤਾਓ ਬਹੁਤ ਹੀ ਪਿਆਰ ਭਰਪੂਰ ਤੇ ਹਮਦਰਦੀ ਵਾਲ਼ਾ ਸੀ। ਮਹਾਰਾਜ ਬੰਮ ਨੂੰ ਹਰ ਜਲਸੇ ਦਾ ਸ਼ਿੰਗਾਰ ਬਣਾਉਂਦੇ ਸਨ, ਕਿਉਂਕਿ ਉਹ ਜਾਣਦੇ ਸਨ ਕਿ ਬੰਮ ਤਮਾਸ਼ਬੀਨ ਹੈ। ਮਹਾਰਾਣੀ ਦਾ ਵੀ ਬੰਮ ਪ੍ਰਤੀ ਵਿਹਾਰ ਬਹੁਤ ਹੀ ਪਿਆਰ ਅਤੇ ਅਪਣੱਤ ਨਾਲ਼ ਭਰਿਆ ਸੀ। ਉਹ ਉਸ ਨੂੰ ਹਫਤੇ ਵਿਚ ਇਕ ਜਾਂ ਦੋ ਵਾਰੀ ਜਰੂਰ ਮਿਲ਼ਣ ਲਈ ਜਾਂਦੀ ਸੀ। ਉਹ ਬੰਮ ਲਈ ਲੱਡੂ ਜਾਂ ਪਰਾਉਂਠੇ ਬਣਾ ਕੇ ਲੈ ਕੇ ਜਾਂਦੀ, ਜਿਹਨਾਂ ਨੂੰ ਬੰਮ ਬੜੇ ਚਾਅ ਨਾਲ਼ ਖਾਂਦਾ ਸੀ।

**(12) ਪਿਤਾ ਦੇ ਜੇਲ੍ਹ ਜਾਣ 'ਤੇ ਲਾਜ ਨੇ ਆਪਣੀ ਭੂਆ ਵੀਰਾਂ ਵਾਲੀ ਨੂੰ ਕੀ ਕਿਹਾ?**

**ਉੱਤਰ** - ਪਿਤਾ ਦੇ ਜੇਲ੍ਹ ਜਾਣਸਮੇਂ ਲਾਜ ਨੇ ਆਪਣੀ ਭੂਆ ਨੂੰ ਕਿਹਾ ਕਿ ਰਾਜ਼ੀ ਹੋ ਕੇ ਉਹ ਵੀ ਆਪਣੇ ਪਿਤਾ ਕੋਲ ਜੇਲ੍ਹ ਚਲੀ ਜਾਵੇਗੀ। ਉਸ ਨੇ ਕਿਹਾ ਕਿ ਆਪਣੇ ਮੁਲਕ ਲਈ ਜੇਲ੍ਹ ਜਾਣਾ ਕੋਈ ਮਾੜੀ ਗੱਲ ਨਹੀਂ। ਭੂਆ ਦੇ ਉਸ ਨੂੰ ਬਹੁਤ ਛੋਟੀ ਉਮਰ ਦੀ ਕਹਿਣ 'ਤੇ ਉਸ ਨੇ ਪਿਤਾ ਜੀ ਨੂੰ ਕਿਹਾ ਕਿ ਉਹ ਭੂਆ ਜੀ ਨੂੰ ਦੱਸਣ ਕਿ ਸ਼ਹੀਦ ਹੋਣ ਸਮੇਂ ਸਾਹਿਬਜ਼ਾਦਿਆਂ ਦੀ ਉਮਰ ਕਿੰਨੀ ਸੀ।ਉਹ ਛੋਟੀ ਉਮਰ ਵਿੱਚ ਸ਼ਹੀਦ ਹੋ ਗਏ ਸਨ, ਕੀ ਉਹ ਜੇਲ ਵੀ ਨਹੀਂ ਜਾ ਸਕਦੀ।

**(13) ਵੀਰਾਂ ਵਾਲੀ ਦੀ ਮੌਤ ਦਾ ਕੀ ਕਾਰਨ ਸੀ?**

**ਉੱਤਰ** - ਕਿਸ਼ਨ ਸਿੰਘ ਦੇ ਜੇਲ੍ਹ ਜਾਣ ਤੋਂ ਬਾਅਦ ਉਹ ਆਪਣੀ ਭਤੀਜੀ ਲਾਜ ਦੀ ਦੇਖਭਾਲ ਦੀ ਜ਼ਿੰਮੇਵਾਰੀ ਨਹੀਂ ਨਿਭਾ ਸਕੀ। ਆਪਣੇ ਪਤੀ ਹੁਸ਼ਨਾਕ ਸਿੰਘ ਦੇ ਸਖ਼ਤ ਵਿਹਾਰ ਕਾਰਨ ਉਹ ਭਤੀਜੀ ਨੂੰ ਇਕੱਲਿਆਂ ਛੱਡ ਕੇ ਉਸ ਨਾਲ਼ ਰਿਕਸ਼ੇ ਵਿੱਚ ਬੈਠ ਕੇ ਚਲੀ ਗਈ। ਭਰਾ ਦੇ ਲਾਜ ਬਾਰੇ ਪੁੱਛਣ 'ਤੇ ਉਸ ਨੂੰ ਡੂੰਘੀ ਸੱਟ ਵੱਜੀ। ਭਰਾ ਦੀ ਅਮਾਨਤ ਵਿੱਚ ਖ਼ਿਆਨਤ ਦਾ ਸਦਮਾ ਉਹ ਸਹਾਰ ਨਹੀਂ ਸਕੀ ਅਤੇ ਉਸ ਦੀ ਮੌਤ ਹੋ ਗਈ।

**(14) ਕਰਮ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ?**

**ਉੱਤਰ** - ਕਰਮ ਸਿੰਘ ਬਰਮਾ ਵਿੱਚ ਜਪਾਨੀਆਂ ਵਿਰੁੱਧ ਲੜਦਾ ਹੋਇਆ ਸ਼ਹੀਦ ਹੋ ਗਿਆ। ਉਹ ਜ਼ੁਬਾਨ ਦਾ ਬਹੁਤ ਮਿੱਠਾ ਸੀ। ਉਹ ਬਹੁਤ ਹੀ ਪੱਕਾ ਨਿਸ਼ਾਨਚੀ, ਫੁਰਤੀਲਾ ਤੇ ਚੁਸਤ ਸਰੀਰ ਵਾਲ਼ਾ ਸੀ। ਉਹ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ਼ ਮੋਹ ਪਿਆਰ ਰੱਖਣ ਵਾਲ਼ਾ ਸੀ। ਉਹ ਸਵੇਰ ਵੇਲੇ ਦੇਰ ਨਾਲ਼ ਉੱਠਦਾ ਸੀ।

**(15) ਡਾਕੀਏ ਨੂੰ ਦੇਖ ਕੇ ਕਰਮ ਸਿੰਘ ਦੇ ਬਾਪੂ ਦੇ ਮਨ ਵਿੱਚ ਕੀ ਵਿਚਾਰ ਆਏ?**

**ਉੱਤਰ** - ਡਾਕੀਏ ਨੂੰ ਮਾਨ ਸਿੰਘ ਕੋਲ ਬੈਠੇ ਦੇਖ ਕੇ ਕਰਮ ਸਿੰਘ ਦੇ ਬਾਪੂ ਨੂੰ ਸਮਝ ਆ ਗਿਆ ਕਿ ਮਾਨ ਸਿੰਘ ਨੂੰ ਕਰਮ ਸਿੰਘ ਦੀ ਮੌਤ ਬਾਰੇ ਪਤਾ ਲੱਗ ਗਿਆ ਹੋਵੇਗਾ। ਇਸ ਕਰਕੇ ਹੁਣ ਇਸ ਭੇਦ ਨੂੰ ਛੁਪਾ ਕੇ ਰੱਖਣ ਦਾ ਅਤੇ ਦੁੱਖ ਦਾ ਬੋਝ ਹੋਰ ਚੁੱਕੀ ਰੱਖਣ ਦਾ ਕੋਈ ਫ਼ਾਇਦਾ ਨਹੀਂ। ਇਸ ਲਈ ਮਾਨ ਸਿੰਘ ਕੋਲ ਆਉਂਦਿਆਂ ਹੀ ਉਸ ਦੇ ਅੱਥਰੂ ਵਹਿ ਤੁਰੇ।

**(16) ਮਾਨ ਸਿੰਘ ਨੇ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬਲ਼ਦ' ਕਿਉਂ ਕਿਹਾ?**

**ਉੱਤਰ** - ਕਰਮ ਸਿੰਘ ਦੇ ਬਾਪੂ ਨੇ ਕਰਮ ਸਿੰਘ ਦੀ ਮੌਤ ਦੀ ਖ਼ਬਰ ਨੂੰ ਮਾਨ ਸਿੰਘ ਕੋਲੋਂ ਇਸ ਲਈ ਛੁਪਾਈ ਰੱਖਿਆ ਸੀ ਕਿ ਮਾਨ ਸਿੰਘ ਇਸ ਦੁੱਖ ਦੀ ਖ਼ਬਰ ਨੂੰ ਸੁਣ ਕੇ ਆਪਣੀ ਛੁੱਟੀ ਖ਼ਰਾਬ ਨਾ ਕਰੇ। ਕਿਉਂਕਿ ਉਹ ਦੋਵੇਂ ਗੂੜ੍ਹੇ ਮਿੱਤਰ ਸਨ। ਜਦੋਂ ਮਾਨ ਸਿੰਘ ਨੂੰ ਇਸ ਭੇਦ ਬਾਰੇ ਪਤਾ ਲੱਗਾ, ਤਾਂ ਉਸ ਨੂੰ ਕਰਮ ਸਿੰਘ ਦਾ ਬਾਪ 'ਧਰਤੀ ਹੇਠਲਾ ਬਲ਼ਦ' ਪ੍ਰਤੀਤ ਹੋਇਆਂ, ਜੋ ਦੂਜਿਆਂ ਨੂੰ ਦੁੱਖਾਂ ਦੇ ਭਾਰ ਤੋਂ ਹੌਲਾ ਰੱਖਣ ਲਈ ਸਾਰਾ ਭਾਰ ਆਪ ਹੀ ਚੁੱਕਣ ਦੀ ਕੋਸ਼ਿਸ਼ ਕਰਦਾ ਹੈ।

**(17) ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਕਿਉਂ ਸੋਚਿਆ?**

**ਉੱਤਰ** - ਜਦੋਂ ਡਾਕਟਰਾਂ ਨੇ ਰਸ਼ੀਦ ਦੇ ਮਿਹਦੇ ਵਿੱਚ ਕੈਂਸਰ ਹੋਣ ਕਾਰਨ ਬਿਨਾਂ ਇਲਾਜ ਕਰਵਾਏ ਉਸ ਨੂੰ ਛੇ ਕੁ ਮਹੀਨੇ ਹੀ ਹੋਰ ਜਿਉਂਦਾ ਰਹਿ ਸਕਣ ਬਾਰੇ ਦੱਸਿਆ ਤਾਂ ਰਸ਼ੀਦ ਨੇ ਆਪਣੀ ਬਾਕੀ ਬਚੀ ਜਿੰਦਗੀ ਸ਼ਹਿਰ ਦੇ ਰੌਲੇ-ਰੱਪੇ ਅਤੇ ਤੰਗ ਥਾਂ ਵਿੱਚ ਗੁਜ਼ਾਰਨ ਦੀ ਥਾਂ ਆਪਣੇ ਪਿੰਡ ਦੀ ਪੱਕੀ ਹਵੇਲੀ ਅਤੇ ਖੁੱਲ੍ਹੇ-ਡੁੱਲ੍ਹੇ ਵਾਤਾਵਰਣ ਵਿੱਚ ਗੁਜ਼ਾਰਨ ਦਾ ਮਨ ਬਣਾ ਕੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇਣ ਬਾਰੇ ਸੋਚਿਆ।

**(18) ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਲੈਣ ਲਈ ਕੀ ਸ਼ੌਕ ਪਾਲਦਾ ਹੈ?**

**ਉੱਤਰ** - ਰਸ਼ੀਦ ਨੇ ਆਪਣੀ ਬਿਮਾਰੀ ਤੋਂ ਰਾਹਤ ਪਾਉਣ ਲਈ ਕਈ ਸ਼ੌਕ ਪਾਲ ਲਏ ਅਤੇ ਉਹਨਾਂ ਵਿੱਚ ਰੁੱਝਿਆ ਆਪਣੇ ਦਰਦ ਦੇ ਅਹਿਸਾਸ ਨੂੰ ਭੁਲਾ ਕੇ ਖ਼ੁਸ਼ੀ-ਖ਼ੁਸ਼ੀ ਰਹਿਣ ਲੱਗਿਆ। ਉਸ ਨੇ ਘਰ ਦੇ ਆਸ-ਪਾਸ ਕਿਆਰੀਆਂ ਵਿੱਚ ਫੁੱਲਾਂ ਦੇ ਪੌਦੇ ਲਾ ਲਏ। ਬਿੱਲੀ ਦੇ ਬਲੂੰਗੜੇ ਰੱਖ ਲਏ। ਉਸ ਨੇ ਕੁੱਝ ਕਬੂਤਰ ਤੇ ਤੋਤੇ ਪਾਲ ਲਏ, ਉਨ੍ਹਾਂ ਨੂੰ ਦਾਣਾ ਖਿਲਾਉਂਦਾ ਅਤੇ ਉਨ੍ਹਾਂ ਨਾਲ਼ ਗੱਲਾਂ ਕਰਦਾ ਉਹ ਆਪਣੀ ਬਿਮਾਰੀ ਨੂੰ ਭੁੱਲ ਜਾਂਦਾ। ਉਹ ਆਂਢ-ਗੁਆਂਢ ਦੇ ਬੱਚਿਆਂ ਨੂੰ ਸੱਦ ਕੇ ਉਨ੍ਹਾਂ ਨੂੰ ਸਕੂਲ ਦਾ ਕੰਮ ਕਰਵਾ ਦਿੰਦਾ। ਅਖੀਰ ਵਿੱਚ ਉਸ ਨੇ ਗੁਆਂਢੀਆਂ ਦੇ ਮੁੰਡੇ ਸ਼ਾਮ ਤੋਂ ਪਤੰਗ ਮੰਗਵਾ ਕੇ ਉਸ ਨਾਲ਼ ਪਤੰਗ ਉਡਾਉਣ ਲੱਗਾ ਅਤੇ ਉਸ ਸਮੇਂ ਹੀ ਉਸ ਦੀ ਮੌਤ ਹੋ ਗਈ।

**ਪ੍ਰਸ਼ਨ 9. ਇਕਾਂਗੀ ਭਾਗ ਵਿੱਚੋਂ ਦਿੱਤੇ ਦੋ ਵਿੱਚੋਂ ਇੱਕ ਦਾ ਪਾਤਰ-ਚਿਤਰਨ ਕਰਨ ਲਈ ਲੋੜੀਂਦੀ ਸਮੱਗਰੀ। ਅੰਕ - 5**

## ••• ਥਾਣੇਦਾਰ ਦਾ ਪਾਤਰ-ਚਿਤਰਨ •••

**1. ਜਾਣ-ਪਛਾਣ -** ਥਾਣੇਦਾਰ 'ਬੰਬ ਕੇਸ' ਇਕਾਂਗੀ ਦਾ ਮੁੱਖ ਪਾਤਰ ਹੈ। ਇਕਾਂਗੀਕਾਰ ਨੇ ਉਸ ਦੇ ਬੇਸਮਝੀ ਭਰੇ ਚਰਿੱਤਰ ਨੂੰ ਪੇਸ਼ ਕਰਕੇ ਇਕਾਂਗੀ ਵਿੱਚ ਹਾਸ-ਰਸ ਪੈਦਾ ਕੀਤਾ ਹੈ। ਉਹ ਥਾਣੇ ਵਿੱਚ ਨਵਾਂ ਆਇਆ ਹੈ ਅਤੇ ਇਲਾਕੇ ਵਿੱਚ ਆਪਣਾ ਰੋਅਬ ਪਾਉਣ ਲਈ ਸਿਪਾਹੀ ਨੂੰ ਨਾਲ਼ ਲੈ ਕੇ ਗਸ਼ਤ ਕਰਨ ਨਿਕਲਦਾ ਹੈ। ਉਹ ਵਜ਼ੀਰੇ ਨੂੰ ਬੰਬ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲੈਂਦਾ ਹੈ।

**2. ਬੇਸ਼ਮਝ ਅਫ਼ਸਰ -** ਥਾਣੇਦਾਰ ਟਾਂਗੇ ਦੇ ਬੰਬ ਨੂੰ ਕੈਮੀਕਲ ਬੰਬ ਸਮਝਦਾ ਹੈ। ਇਸ ਲਈ ਉਹ ਇੱਕ ਬੇਸਮਝ ਅਫ਼ਸਰ ਹੈ ਜੋ ਟਾਂਗੇ ਦੇ ਬੰਬ ਅਤੇ ਕੈਮੀਕਲ ਬੰਬ ਦੇ ਫ਼ਰਕ ਨੂੰ ਨਹੀਂ ਜਾਣਦਾ। ਉਹ ਵਜ਼ੀਰੇ ਵਿਰੁੱਧ ਕੋਈ ਸਬੂਤ ਇਕੱਤਰ ਕੀਤੇ ਬਿਨਾਂ ਹੀ ਉਸ ਨੂੰ ਬੰਬ ਕੇਸ ਵਿੱਚ ਗ੍ਰਿਫ਼ਤਾਰ ਕਰ ਲੈਂਦਾ ਹੈ। ਉਸ ਦੀ ਬੇਸਮਝੀ ਵਾਲ਼ੀ ਤਫ਼ਤੀਸ਼ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦੀ ਹੈ।

**3 .ਸਖਤ ਸੁਭਾ ਵਾਲ਼ਾ -** ਥਾਣੇਦਾਰ ਸਖਤ ਸੁਭਾ ਵਾਲ਼ਾ ਹੈ। ਉਹ ਸਿਪਾਹੀ ਅਤੇ ਲੋਕਾਂ ਨੂੰ ਸਖਤ ਤਾੜਨਾ ਦਿੰਦਾ ਹੈ। ਉਹ ਥਾਣੇ ਵਿੱਚ ਨਵਾਂ ਆਇਆ ਹੈ। ਇਸ ਕਰਕੇ ਸ਼ੁਰੂ ਵਿੱਚ ਹੀ ਆਪਣਾ ਰੋਅਬ ਸਿਪਾਹੀ ਅਤੇ ਇਲਾਕੇ ਵਿੱਚਲੇ ਲੋਕਾਂ 'ਤੇ ਪਾਉਣਾ ਚਾਹੁੰਦਾ ਹੈ। ਉਹ ਇਲਾਕੇ ਦੇ ਸਭ ਲੋਕਾਂ ਨੂੰ ਸਿੱਧੇ ਕਰਨ ਦੀਆਂ ਗੱਲਾਂ ਕਰਦਾ ਹੈ।

**4. ਰੋਅਬ ਪਾਉਣ ਵਾਲ਼ਾ -** ਉਹ ਥਾਣੇ ਵਿੱਚ ਨਵਾਂ-ਨਵਾਂ ਆਇਆ ਹੈ। ਇਸ ਕਰਕੇ ਉਹ ਇਲਾਕੇ ਦੇ ਲੋਕਾਂ ਅਤੇ ਸਿਪਾਹੀ ਉੱਪਰ ਆਪਣੇ ਅਹੁਦੇ ਤੇ ਸਖ਼ਤ ਸੁਭਾਅ ਦਾ ਰੋਅਬ ਪਾਉਣਾ ਚਾਹੁੰਦਾ ਹੈ। ਇਸ ਮਕਸਦ ਲਈ ਉਹ ਸਿਪਾਹੀ ਨੂੰ ਨਾਲ਼ ਲੈ ਕੇ ਇਲਾਕੇ ਦੀ ਗਸ਼ਤ ਕਰਦਾ ਹੈ ਤੇ ਸਿਪਾਹੀ ਨੂੰ ਦੱਸਦਾ ਹੈ ਕਿ ਉਹ ਬੜੇ ਸਖ਼ਤ ਸੁਭਾਅ ਅਤੇ ਬੇ-ਤਰਸ ਸੁਭਾ ਦਾ ਮਾਲਕ ਹੈ।

**5. ਖ਼ੁਸ਼ਾਮਦ ਪਸੰਦ -** ਸਪਾਹੀ ਅਤੇ ਲੋਕਾਂ ਤੋਂ ਖੁਸ਼ਾਮਦ ਲੈਣ ਲਈ ਉਹਨਾਂ ਨੂੰ ਆਪਣੇ ਕੁੱਟਣ-ਮਾਰਨ ਦੇ ਤਰੀਕੇ ਦੱਸਦਾ। ਗਸ਼ਤ ਕਰਦੇ ਸਮੇਂ ਸਿਪਾਹੀ ਉਸ ਦੇ ਕੰਮ ਕਰਨ ਦੇ ਤਰੀਕਿਆਂ ਦੀ ਪ੍ਰਸੰਸਾ ਕਰਦਾ ਹੈ। ਉਹ ਆਪਣੀ ਤਰੀਫ਼ ਬਾਰੇ ਸੁਣ ਕੇ ਇਲਾਕੇ ਦੇ ਲੋਕਾਂ ਉੱਪਰ ਰੋਹਬ ਪਾਉਣ ਦੇ ਤਰੀਕਿਆਂ ਤੇ ਬਦਮਾਸ਼ਾਂ ਨੂੰ ਕੁੱਟਣ ਮਾਰਨ ਦੇ ਤਰੀਕਿਆਂ ਬਾਰੇ ਦੱਸਦਾ ਹੈ।

**6. ਵਿਅੰਗਮਈ ਪਾਤਰ -** ਥਾਣੇਦਾਰ ਸੇਖੀਆਂ ਮਾਰਨ ਵਾਲ਼ਾ ਹੈ । ਉਹ ਟਾਂਗੇ ਦੇ ਬੰਬਾਂ ਨੂੰ ਕੈਮੀਕਲ ਬੰਬ ਸਮਝ ਕੇ ਵਜ਼ੀਰੇ ਨੂੰ ਬੇਸਮਝੀ ਵਿੱਚ ਗ੍ਰਿਫ਼ਤਾਰ ਕਰਦਾ ਅਤੇ ਉਸ ਵੱਲੋਂ ਆਪਣੀ ਯੋਗਤਾ ਸਬੰਧੀ ਮਾਰੀਆਂ ਸੇਖੀਆਂ ਉਸਨੂੰ ਇੱਕ ਵਿਅੰਗਮਈ ਪਾਤਰ ਬਣਾ ਦਿੰਦੀਆਂ ਹਨ।

## ••• ਵੀਰਾਂ ਵਾਲੀ ਦਾ ਪਾਤਰ-ਚਿਤਰਨ •••

**1. ਜਾਣ-ਪਛਾਣ -** ਵੀਰਾਂ ਵਾਲੀ ਬੰਬ ਕੇਸ ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ। ਉਹ ਇੱਕ ਸ਼ਰਨਾਰਥੀ ਅਤੇ ਦੁਖੀ ਇਸਤਰੀ ਹੈ। ਉਸ ਦੇ ਤਿੰਨ ਪੁੱਤਰ ਅਤੇ ਇੱਕ ਧੀ ਹੈ। ਉਸ ਦਾ ਇੱਕ ਪੁੱਤਰ ਵਜ਼ੀਰਾ ਇਕਾਂਗੀ ਦਾ ਇੱਕ ਪਾਤਰ ਹੈ। ਦੀਪੋ ਉਸ ਦੀ ਧੀ ਹੈ। ਇਕਾਂਗੀਕਾਰ ਨੇ ਉਸ ਦੀ ਇੱਕ ਮਾਂ ਦੇ ਰੂਪ ਵਿੱਚ ਸਫ਼ਲ ਪਾਤਰ ਸਿਰਜਨਾ ਕੀਤੀ ਹੈ। ਉਹ ਰਾਂਗਲੀਆਂ ਪੀੜ੍ਹੀਆਂ ਉੱਪਰ ਸੁੰਦਰ ਵੇਲ- ਬੂਟੇ ਪਾ ਲੈਂਦੀ ਹੈ ।

**2. ਪੁੱਤਰ ਪਿਆਰ ਨਾਲ਼ ਭਰਪੂਰ -** ਉਹ ਪੁੱਤਰ ਪਿਆਰ ਨਾਲ਼ ਭਰਪੂਰ ਔਰਤ ਹੈ। ਭਾਵੇਂ ਉਹ ਆਪਣੇ ਪੁੱਤਰਾਂ ਤੋਂ ਨਿਰਾਸ਼ ਹੈ, ਕਿਉਂਕਿ ਉਹ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਹਨ ਅਤੇ ਆਪਣੀ ਮਾਂ ਪਰਵਾਹ ਵੀ ਨਹੀਂ ਕਰਦੇ, ਪਰ ਉਹ ਕਹਿੰਦੀ ਹੈ ਕਿ ਮਾਪੇ ਕੁਮਾਪੇ ਨਹੀਂ ਹੁੰਦੇ। ਜਦੋਂ ਥਾਣੇਦਾਰ ਉਸ ਦੇ ਪੁੱਤਰ ਨੂੰ ਗ੍ਰਿਫ਼ਤਾਰ ਕਰ ਲੈਂਦਾ ਹੈ ਤਾਂ ਉਹ ਪੁੱਤਰ ਪਿਆਰ ਵਿੱਚ ਉਸ ਨੂੰ ਛਡਾਉਣ ਲਈ ਤਰਲੋ-ਮੱਛੀ ਹੁੰਦੀ ਹੈ।

**3. ਧੀ ਦੇ ਵਿਆਹ ਦਾ ਫ਼ਿਕਰ ਕਰਨ ਵਾਲ਼ੀ -** ਉਹ ਧੀ ਦੇ ਵਿਆਹ ਦਾ ਫ਼ਿਕਰ ਕਰਨ ਵਾਲ਼ੀ ਹੈ। ਉਹ ਆਪਣੀ ਧੀ ਦੇ ਵਿਆਹ ਦਾ ਬਹੁਤ ਫ਼ਿਕਰ ਕਰਦੀ ਹੈ। ਉਹ ਕਹਿੰਦੀ ਹੈ, "ਹੇ ਰੱਬਾ! ਹੁਣ ਇਹ ਸਿਆਣੀ ਹੋ ਗਈ ਏ, ਕੋਈ ਮੁੰਡਾ ਲੱਭੇ, ਤਾਂ ਇਸ ਦਾ ਵੀ ਤ੍ਰੋਪਾ ਭਰਾਂ।"

**4. ਧੀ ਨਾਲ਼ ਵਿਤਕਰਾ ਕਰਨ ਵਾਲ਼ੀ -** ਉਹ ਪੁੱਤਰ ਦੇ ਮੁਕਾਬਲੇ ਧੀ ਨਾਲ਼ ਵਿਤਕਰਾ ਰੱਖਦੀ ਹੈ। ਉਹ ਦੀਪੋ ਤੋਂ ਗੁੜ ਦੀ ਡਲੀ ਲੈ ਲੈਂਦੀ ਹੈ, ਜਿਹੜੀ ਕਿ ਉਸ ਨੇ ਲੁਕਾ ਕੇ ਆਪਣੇ ਪੁੱਤਰ ਲਈ ਰੱਖੀ ਹੋਈ ਸੀ। ਮਾਂ ਦੇ ਅਜਿਹੇ ਵਤੀਰੇ ਨੂੰ ਦੇਖ ਕੇ ਦੀਪੋ ਨੂੰ ਗੁੱਸਾ ਲੱਗਦਾ ਹੈ ।

**5. ਨਿੱਡਰ ਤੇ ਹੌਂਸਲੇ ਵਾਲ਼ੀ -** ਉਹ ਹੌਂਸਲੇ ਵਾਲੀ ਅਤੇ ਨਿੱਡਰ ਔਰਤ ਹੈ। ਉਹ ਖੂਹ ਵਿੱਚ ਵੜ ਕੇ ਕੋਈ ਚੀਜ਼ ਕੱਢਣ ਦੀ ਹਿੰਮਤ ਰੱਖਦੀ ਹੈ। ਇੱਕ ਵਾਰ ਖੂਹ ਵਿੱਚ ਮੇਮਣਾ ਡਿੱਗ ਪਿਆ, ਤਾਂ ਉਹ ਖੂਹ ਵਿੱਚ ਵੜ ਕੇ ਕੱਢ ਲਿਆਈ।

**6. ਭੋਲੀ-ਭਾਲੀ ਇਸਤਰੀ -** ਉਹ ਭੋਲੀ-ਭਾਲੀ ਔਰਤ ਹੈ। ਥਾਣੇਦਾਰ ਅਤੇ ਸਿਪਹੀ ਦੀਆਂ ਚੁਸਤ ਗੱਲਾਂ ਸਮਝ ਨਹੀਂ ਸਕਦੀ। ਜਦੋਂ ਸਿਪਾਹੀ ਜੇਲ੍ਹ ਨੂੰ ਵਿਅੰਗ ਨਾਲ਼ ਉਸ ਦੇ ਪੁੱਤਰ ਲਈ ਮਿਲ ਰਹੀ ਮੁਫ਼ਤ ਸਰਕਾਰੀ ਕੋਠੜੀ ਦੱਸਦਾ ਹੋਇਆ ਕਹਿੰਦਾ ਹੈ ਕਿ ਉਥੇ ਉਸ ਨੂੰ ਮੁਫ਼ਤ ਖਾਣਾ ਵੀ ਮਿਲੇਗਾ, ਤਾਂ ਉਹ ਇਸ ਨੂੰ ਸੱਚ-ਮੁੱਚ ਮਦਦ ਸਮਝ ਕੇ ਥਾਣੇਦਾਰ ਅਤੇ ਸਿਪਾਹੀ ਦਾ ਧੰਨਵਾਦ ਕਰਦੀ ਹੈ।

**7. ਇੱਕ ਦੁਖੀ ਇਸਤਰੀ -** ਉਹ ਇੱਕ ਦੁੱਖੀ ਅਤੇ ਦੇਸ਼ ਦੀ ਵੰਡ ਸਮੇਂ ਉਜੜ ਕੇ ਆਈ ਹੋਈ ਸ਼ਰਨਾਰਥੀ ਔਰਤ ਹੈ। ਉਹ ਆਰਥਿਕ ਤੰਗੀਆਂ ਦੀ ਸ਼ਿਕਾਰ ਹੋਣ ਕਰਕੇ ਅਤੇ ਆਪਣੇ ਪੁੱਤਰ ਦੇ ਬਿਨਾਂ ਕਿਸੇ ਕਸੂਰ ਦੇ ਫੜ੍ਹੇ ਜਾਣ ਕਰਕੇ ਦੁਖੀ ਹੈ।

## ••• ਪੁੱਤਰ ਦਾ ਪਾਤਰ-ਚਿਤਰਨ •••

• **ਜਾਣ-ਪਛਾਣ -** ਪੁੱਤਰ 'ਨਾਇਕ' ਇਕਾਂਗੀ ਦਾ ਮੁੱਖ ਪਾਤਰ ਹੈ। ਉਸ ਦਾ ਨਾਂ ਸੁਖਦੇਵ ਸਿੰਘ ਹੈ। ਉਸ ਨੇ ਮੈਟ੍ਰਿਕ ਜ਼ਿਲ੍ਹੇ ਵਿੱਚੋਂ, ਬੀ.ਏ. ਕਾਲਜ ਵਿਚੋਂ ਤੇ ਐੱਮ. ਏ. ਜਮਾਤ ਵਿਚੋਂ ਪਹਿਲੇ ਦਰਜੇ ਨਾਲ ਪਾਸ ਕੀਤੀ ਹੈ। ਉਹ ਨੌਕਰੀ ਦੀ ਭਾਲ ਵਿੱਚ ਹੈ। ਇਕਾਂਗੀ ਵਿੱਚ ਉਸ ਦਾ ਪਾਤਰ ਪੁਰਾਣੀ ਪੀੜ੍ਹੀ ਨਾਲ ਟਕਰਾ ਅਤੇ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਕਰਦਾ ਹੈ।

• **ਨਵੀਂ ਪੀੜ੍ਹੀ ਦਾ ਪ੍ਰਤੀਨਿਧ -** ਇਕਾਂਗੀ ਵਿੱਚ ਪੁੱਤਰ ਨਵੀਂ ਪੀੜ੍ਹੀ ਦਾ ਪ੍ਰਤੀਨਿਧ ਹੈ। ਰਿਸ਼ਵਤ ਵਿਰੋਧੀ ਅਤੇ ਨਵੇਂ ਵਿਚਾਰਾਂ ਦਾ ਧਾਰਨੀ ਹੋਣ ਕਰਕੇ ਉਸ ਦੀ ਪੁਰਾਣੀ ਪੀੜ੍ਹੀ ਦੇ ਆਪਣੇ ਪਿਤਾ ਦੇ ਵਿਚਾਰਾਂ ਨਾਲ਼ ਟੱਕਰ ਚਲਦੀ ਹੈ। ਉਹ ਉਸ ਦੇ ਵਿਚਾਰਾਂ ਨਾਲ਼ ਕਿਸੇ ਤਰ੍ਹਾਂ ਵੀ ਸਹਿਮਤ ਨਹੀਂ ਹੁੰਦਾ। ਇਕਾਂਗੀ ਵਿੱਚ ਉਹ ਸਪਸ਼ਟ ਕਰਦਾ ਹੈ ਕਿ ਵਿਚਾਰਾਂ ਤੇ ਅਮਲਾਂ ਵਿੱਚ ਉਸ ਦੀ ਪੀੜ੍ਹੀ ਦਾ ਪੁਰਾਣੀ ਪੀੜ੍ਹੀ ਨਾਲ਼ੋਂ ਬਹੁਤ ਫ਼ਰਕ ਹੈ।

• **ਜਿਊਣ ਦੇ ਸੰਘਰਸ਼ ਵਿੱਚ ਫਸਿਆ ਹੋਇਆ -** ਉਹ ਕਹਿੰਦਾ ਹੈ ਕਿ ਉਸ ਦੀ ਪੀੜ੍ਹੀ ਨਾ ਭਵਿੱਖ ਉੱਤੇ ਕੋਈ ਉਮੀਦਾਂ ਲਾ ਕੇ ਰੱਖਦੀ ਹੈ ਅਤੇ ਨਾ ਹੀ ਕੋਈ ਵਾਅਦਾ ਕਰ ਸਕਦੀ ਹੈ, ਸਗੋਂ ਉਸ ਨੂੰ ਹਰ ਘੜੀ ਜਿਊਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

• **ਦਲੀਲ ਨਾਲ਼ ਗੱਲ ਕਰਨ ਵਾਲ਼ਾ -** ਉਹ ਸੰਘਰਸ਼ ਦੇ ਰਾਹ 'ਤੇ ਚੱਲਦਾ ਹੋਇਆ ਆਪਣੇ ਪਿਤਾ ਦੀ ਹਰ ਗੱਲ ਨੂੰ ਦਲੀਲ ਨਾਲ਼ ਸਪਸ਼ਟ ਕਰਕੇ ਕੱਟਣ ਦਾ ਯਤਨ ਕਰਦਾ ਹੈ।

• **ਹਾਜ਼ਰ-ਜਵਾਬ -** ਉਹ ਹਰ ਗੱਲ ਵਿੱਚ ਬੜਾ ਹਾਜ਼ਰ - ਜਵਾਬੀ ਹੈ। ਉਹ ਆਪਣੇ ਪਿਤਾ ਦੀ ਹਰ ਗੱਲ ਦਾ ਜਵਾਬ ਦਲੀਲ ਨਾਲ਼ ਦਿੰਦਾ ਹੈ।

• **ਭ੍ਰਿਸ਼ਟਾਚਾਰ ਵਿਰੋਧੀ -** ਉਹ ਪੂਰੀ ਤਰ੍ਹਾਂ ਭਿਸ਼ਟਾਚਾਰ ਤੋਂ ਦੂਰ ਰਹਿਣਾ ਚਾਹੁੰਦਾ ਹੈ। ਉਹ ਆਪਣੇ ਪਿਤਾ ਨੂੰ ਕਹਿੰਦਾ ਹੈ ਕਿ ਉਹ ਨੌਕਰੀ ਲੈਣ ਲਈ ਸਿਫ਼ਾਰਸ਼ ਅਤੇ ਰਿਸ਼ਵਤ ਦਾ ਸਹਾਰਾ ਨਹੀਂ ਲਵੇਗਾ। ਉਹ ਕੁਰਸੀ ਉੱਪਰ ਬੈਠੇ ਸਿਫ਼ਾਰਸ਼ ਦੀ ਗੱਲ ਕਰਨ ਵਾਲ਼ੇ ਅਫ਼ਸਰ ਨਾਲ਼ ਝਗੜ ਪੈਂਦਾ ਹੈ।

• **ਆਪਣੇ ਪੈਰਾਂ ਉੱਤੇ ਖੜ੍ਹਾ ਹੋਣ ਦਾ ਚਾਹਵਾਨ -** ਉਹ ਬਿਨਾਂ ਕਿਸੇ ਸਿਫ਼ਾਰਸ਼ ਅਤੇ ਰਿਸ਼ਵਤ ਤੋਂ ਨੌਕਰੀ ਪ੍ਰਾਪਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਚਾਹੁੰਦਾ ਹੈ। ਇਸੇ ਕਰਕੇ ਉਹ ਨਤੀਜੇ ਤੋਂ ਮਗਰੋਂ ਆਪਣੇ ਪਿਤਾ ਪਾਸੋਂ ਮਿਲੇ ਪੈਸਿਆਂ ਨੂੰ ਕਰਜ਼ਾ ਸਮਝਦਾ ਹੈ ਅਤੇ ਵਿਆਜ ਸਮੇਤ ਵਾਪਸ ਕਰਨਾ ਚਾਹੁੰਦਾ ਹੈ।

• **ਹਕੀਕਤ ਦੀ ਪਛਾਣ ਕਰਨ ਵਾਲ਼ਾ -** ਉਹ ਫੋਕੀ ਦੇਸ਼-ਭਗਤੀ ਰੱਖਣ ਦੀ ਥਾਂ ਹਕੀਕਤ ਦੀ ਪਛਾਣ ਕਰਨ ਵਾਲ਼ਾ ਹੈ। ਉਹ ਇਸ ਗੱਲ ਨੂੰ ਸਮਝ ਗਿਆ ਕਿ ਦੇਸ਼ ਦੇ ਭਵਿੱਖ ਦਾ ਫ਼ਿਕਰ ਕਰਨ ਵਾਲ਼ੀ ਪੁਰਾਣੀ ਪੀੜ੍ਹੀ ਇਸ ਗੱਲ ਤੋਂ ਅਨਜਾਣ ਹੈ ਕਿ ਦੇਸ਼ ਦੀ ਅਜਾਦੀ ਦਾ ਲਾਭ ਸਿਰਫ ਅਮੀਰ ਵਰਗ ਨੂੰ ਹੋਇਆ ਹੈ। ਗਰੀਬ ਵਰਗ ਨੂੰ ਅੱਜ ਵੀ ਜਿਊਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

• **ਦਲੇਰ, ਸੱਚਾ ਤੇ ਖ਼ਰੀ-ਖ਼ਰੀ ਗੱਲ ਕਹਿਣ ਵਾਲ਼ਾ -** ਉਹ ਇੱਕ ਦਲੇਰ ਅਤੇ ਸੱਚਾ ਨੌਜਵਾਨ ਹੈ। ਉਹ ਸੱਚ ਬੋਲਣ ਲੱਗਿਆ ਝਿਜਕ ਦਾ ਨਹੀਂ। ਉਹ ਆਪਣੇ ਪਿਤਾ, ਅਫ਼ਸਰ ਤੇ ਜੱਜ ਦੇ ਸਾਹਮਣੇ ਬੜੀ ਨਿਡਰਤਾ ਨਾਲ਼ ਬੋਲਦਾ ਹੈ। ਉਹ ਬੇਬਾਕੀ ਨਾਲ਼ ਸੱਚੀਆਂ ਅਤੇ ਖ਼ਰੀਆਂ-ਖ਼ਰੀਆਂ ਗੱਲਾਂ ਕਰਦਾ ਹੈ। ਉਹ ਪਿਤਾ, ਅਫ਼ਸਰ ਤੇ ਜੱਜ ਦੀਆਂ ਗੱਲਾਂ ਤੇ ਧਮਕੀਆਂ ਦੀ ਪਰਵਾਹ ਨਹੀਂ ਕਰਦਾ ਤੇ ਨਾ ਹੀ ਉਨ੍ਹਾਂ ਤੋਂ ਕੋਈ ਆਸ ਕਰਦਾ ਹੈ। ਉਹ ਸੱਚ ਬੋਲਦਾ ਹੋਇਆ ਜੇਲ੍ਹ ਜਾਣ ਦੀ ਵੀ ਪਰਵਾਹ ਨਹੀਂ ਕਰਦਾ।

• **ਪੁਰਾਣੀ ਪੀੜ੍ਹੀ ਦੀ ਬੁਜ਼ਦਿਲੀ ਤੋਂ ਨਿਰਾਸ਼ -** ਉਹ ਪੁਰਾਣੀ ਪੀੜ੍ਹੀ ਦੀ ਬੁਜ਼ਦਿਲੀ ਤੋਂ ਇਸ ਕਰਕੇ ਨਿਰਾਸ਼ ਹੈ ਕਿ ਉਹਨਾਂ ਨੇ ਉਹ ਲੜਾਈ ਨਹੀਂ ਲੜੀ, ਜਿਹੜੀ ਹੁਣ ਨਵੀਂ ਪੀੜ੍ਹੀ ਨੂੰ ਲੜਨੀ ਪੈ ਰਹੀ ਹੈ। ਉਹ ਆਪਣੇ ਪਿਤਾ ਨੂੰ ਬੁਜ਼ਦਿਲ ਸਮਝਦਾ ਹੈ, ਜਿਹੜਾ ਬੇਇਨਸਾਫ਼ੀ ਦੇ ਵਿਰੁੱਧ ਕਦੇ ਬੋਲਿਆ ਨਹੀਂ।

• **ਕ੍ਰਾਂਤੀਕਾਰੀ ਵਿਚਾਰਾਂ ਵਾਲ਼ਾ -** ਉਹ ਕ੍ਰਾਂਤੀਕਾਰੀ ਵਿਚਾਰਾਂ ਵਾਲ਼ਾ ਹੈ। ਉਹ ਕਹਿੰਦਾ ਹੈ ਕਿ ਨਵੀਂ ਪੀੜ੍ਹੀ ਬਰਦਾਸ਼ਤ ਨਹੀਂ ਕਰ ਸਕਦੀ, ਇਸ ਲਈ ਉਹ ਹੰਗਾਮੇ ਕਰਨਗੇ ਅਤੇ ਕੁਰਸੀਆਂ 'ਤੇ ਬੈਠਿਆਂ ਦੀ ਪੱਗ ਨੂੰ ਹੱਥ ਵੀ ਪਾਉਣਗੇ। ਉਹ ਜੱਜ ਨੂੰ ਕਹਿੰਦਾ ਹੈ ਕਿ ਦੇਸ਼ ਵਿੱਚ ਜੋ ਵੀ ਅਪਰਾਧ ਹੋ ਰਿਹਾ ਹੈ, ਉਹ ਕੁਰਸੀਆਂ ਉੱਤੇ ਬੈਠੇ ਲੋਕਾਂ ਕਾਰਨ ਹੋ ਰਿਹਾ ਹੈ, ਜਿਸ ਕਰਕੇ ਉਨ੍ਹਾਂ ਕੋਲ਼ ਵਿਦਰੋਹ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ।

• **ਸੁਹਿਰਦ -** ਉਹ ਇਕ ਸੁਹਿਰਦ ਇਨਕਲਾਬੀ ਹੈ।ਉਹ ਕਹਿੰਦਾ ਹੈ ਕਿ ਜੇਕਰ ਕੋਈ ਨੌਜਵਾਨ ਉਸ ਦੇ ਗ਼ਲਤੀ ਕਰ ਰਹੇ ਪਿਤਾ ਦੀ ਪੱਗ ਨੂੰ ਹੱਥ ਪਾਵੇ, ਤਾਂ ਉਹ ਉਸ ਨੂੰ ਸ਼ਾਬਾਸ਼ ਦੇਵੇਗਾ ਤੇ ਕਹੇਗਾ ਕਿ ਉਸ ਦੇ ਪਿਤਾ ਨਾਲ਼ ਇਸੇ ਤਰ੍ਹਾਂ ਹੀ ਹੋਣਾ ਚਾਹੀਦਾ ਸੀ, ਜੋ ਕਿ ਟੁਕੜਿਆਂ ਬਦਲੇ ਆਪਣੀ ਜ਼ਮੀਰ ਵੇਚ ਰਿਹਾ ਹੈ।

• **ਪਿਤਾ ਨਾਲ਼ ਪਿਆਰ ਰੱਖਣ ਵਾਲ਼ਾ -** ਉਸ ਦੇ ਆਪਣੇ ਪਿਤਾ ਨਾਲ਼ ਵਿਚਾਰਿਕ ਮੱਤਭੇਦ ਹੋਣ ਦੇ ਬਾਵਜੂਦ ਵੀ ਸਮਾਜਿਕ ਫ਼ਰਜ਼ ਸਮਝਦਾ ਹੋਇਆ ਉਹ ਆਪਣੇ ਪਿਤਾ ਦਾ ਹਮੇਸ਼ਾ ਸਤਿਕਾਰ ਕਰਦਾ ਹੈ। ਉਸ ਨੂੰ ਪਿਤਾ ਦੇ ਅੰਦਰ ਲੁਕੇ ਪੁੱਤਰ-ਪਿਆਰ ਦਾ ਅਹਿਸਾਸ ਹੈ, ਇਸ ਕਰਕੇ ਉਹ ਜੇਲ੍ਹ ਵਿੱਚ ਮੁਲਾਕਾਤ ਲਈ ਗਏ ਪਿਤਾ ਨੂੰ ਆਪਣੀ ਸਿਹਤ ਦਾ ਖ਼ਿਆਲ ਰੱਖਣ ਲਈ ਕਹਿੰਦਾ ਹੈ। ਉਹ ਪਿਤਾ ਦੇ ਬੁਢਾਪੇ ਸਮੇਂ ਉਸ ਦਾ ਖ਼ਿਆਲ ਨਾ ਰੱਖ ਸਕਣ ਨੂੰ ਆਪਣੇ ਲਈ ਸ਼ਰਮ ਦੀ ਗੱਲ ਸਮਝਦਾ ਹੈ।

• **ਆਸ਼ਾਵਾਦੀ -** ਉਹ ਜ਼ਿੰਦਗੀ ਵਿੱਚ ਕਦੇ ਨਿਰਾਸ਼ ਨਹੀਂ ਹੁੰਦਾ। ਉਹ ਜੇਲ੍ਹ ਭੇਜਣ ਕਰਕੇ ਪਿਤਾ ਦਾ ਅਹਿਸਾਨਮੰਦ ਹੁੰਦਾ ਹੈ, ਕਿਉਂਕਿ ਇੱਥੇ ਰਹਿ ਕੇ ਉਸ ਨੂੰ ਨਵੇਂ ਵਿਚਾਰਾਂ ਦਾ ਅਹਿਸਾਸ ਹੋਇਆ ਹੈ ਅਤੇ ਸੰਘਰਸ਼ ਲਈ ਸੇਧ ਮਿਲੀ ਹੈ।

• **ਸੁਲਝਿਆ ਹੋਇਆ ਇਨਸਾਨ** - ਪੁੱਤਰ ਇਕ ਸੁਲਝਿਆ ਹੋਇਆ ਵਿਅਕਤੀ ਹੈ। ਉਹ ਆਪਣੇ ਪਰਿਵਾਰਕ ਅਤੇ ਸਮਾਜਿਕ ਫ਼ਰਜ਼ਾਂ ਤੋਂ ਜਾਣੂ ਹੈ। ਉਸ ਨੂੰ ਜੇਲ੍ਹ ਵਿੱਚ ਜਾ ਕੇ ਜ਼ਿੰਦਗੀ ਦੇ ਵਰਤਾਰੇ ਬਾਰੇ ਕਾਫ਼ੀ ਨਵੇਂ ਅਨੁਭਵ ਪ੍ਰਾਪਤ ਹੁੰਦੇ ਹਨ ਅਤੇ ਉਸ ਨੂੰ ਪਤਾ ਲਗਦਾ ਹੈ ਕਿ ਸਮਾਜ ਵਿੱਚ ਜੋ ਕੁੱਝ ਗ਼ਲਤ ਹੈ, ਉਸ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ।

## ••• ਪਿਤਾ ਦਾ ਪਾਤਰ-ਚਿਤਰਨ •••

• **ਜਾਣ-ਪਛਾਣ -** ਪਿਤਾ 'ਨਾਇਕ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ। ਇਕਾਂਗੀ ਵਿੱਚ ਉਹ ਤਿੰਨ ਰੂਪਾਂ ਵਿੱਚ ਸਾਹਮਣੇ ਆਉਂਦਾ ਹੈ- ਪਿਤਾ ਦੇ ਰੂਪ ਵਿੱਚ, ਕੁਰਸੀ ਉੱਤੇ ਬੈਠੇ ਅਫ਼ਸਰ ਦੇ ਰੂਪ ਵਿੱਚ ਤੇ ਕਚਹਿਰੀ ਦੇ ਜੱਜ ਦੇ ਰੂਪ ਵਿੱਚ। ਉਹ ਮੈਟ੍ਰਿਕ ਪਾਸ ਹੈ। ਉਹ ਕਮੇਟੀ ਘਰ ਵਿੱਚ ਸੁਪਰਡੈਂਟ ਦੀ ਨੌਕਰੀ ਕਰਦਾ ਹੋਇਆ ਰਿਟਾਇਰਮੈਂਟ ਲੈਂਦਾ ਹੈ। ਉਸ ਦੀ ਪਤਨੀ ਮਰ ਚੁੱਕੀ ਹੁੰਦੀ ਹੈ। ਉਹ ਸੋਟੀ ਦੇ ਸਹਾਰੇ ਤੁਰਦਾ ਹੈ। ਇਕਾਂਗੀਕਾਰ ਨੇ ਇਕਾਂਗੀ ਵਿੱਚ ਉਸ ਦੇ ਪਾਤਰ ਰਾਹੀਂ ਪੁਰਾਣੀ ਪੀੜ੍ਹੀ ਦੀ ਨਵੀਂ ਪੀੜ੍ਹੀ ਨਾਲ਼ ਟੱਕਰ ਨੂੰ ਪੇਸ਼ ਕੀਤਾ ਹੈ।

**• ਪੁਰਾਣੀ ਪੀੜ੍ਹੀ ਦਾ ਪ੍ਰਤੀਨਿਧ -** ਇਕਾਂਗੀ ਵਿੱਚ ਪਿਤਾ ਪੁਰਾਣੀ ਪੀੜ੍ਹੀ ਦਾ ਪ੍ਰਤੀਨਿਧ ਹੈ। ਉਹ ਜ਼ਿੰਦਗੀ ਦੇ ਸਥਾਪਿਤ ਨਿਯਮਾਂ ਅਨੁਸਾਰ ਚੱਲਦਾ ਹੈ ਅਤੇ ਪੁੱਤਰ ਨੂੰ ਵੀ ਉਸ ਰਾਹ 'ਤੇ ਚੱਲਣ ਲਈ ਕਹਿੰਦਾ ਹੈ। ਇਸ ਕਰਕੇ ਹੀ ਦੋਹਾਂ ਵਿੱਚਕਾਰ ਵਿਰੋਧ ਚੱਲਦਾ ਹੈ। ਉਹ ਨੌਕਰੀ ਪ੍ਰਾਪਤ ਕਰਨ ਲਈ ਸਿਫ਼ਾਰਸ਼ ਦਾ ਸਹਾਰਾ ਲੈਣ ਦੇ ਹੱਕ ਵਿੱਚ ਹੈ।

**• ਦਲੀਲ ਨਾਲ਼ ਗੱਲ ਕਰਨ ਵਾਲ਼ਾ -** ਪਿਤਾ ਪੁੱਤਰ ਨਾਲ ਗੱਲ-ਬਾਤ ਸਮੇਂ ਪੁਰਾਣੀਆਂ ਦਲੀਲਾਂ ਤੋਂ ਕੰਮ ਲੈਂਦਾ ਹੈ, ਜੋ ਨਵੇਂ ਵਿਚਾਰਾਂ ਅਨੁਸਾਰ ਢੁੱਕਦੀਆਂ ਨਹੀਂ ਹਨ। ਉਹ ਆਪਣੇ ਪੁੱਤਰ ਨੂੰ ਆਪਣੇ ਵਿਚਾਰਾਂ ਅਨੁਸਾਰ ਚਲਾਉਣਾ ਚਾਹੁੰਦਾ ਹੈ।

**• ਦੇਸ਼-ਭਗਤੀ ਦੇ ਭਾਵ ਰੱਖਣ ਵਾਲ਼ਾ -** ਉਸ ਵਿੱਚ ਦੇਸ਼-ਭਗਤੀ ਦੇ ਭਾਵ ਵੀ ਭਰੇ ਹਨ। ਉਸ ਦਾ ਵਿਸ਼ਵਾਸ ਹੈ ਕਿ ਜੇ ਦੇਸ ਦਾ ਕੁੱਝ ਬਣੇਗਾ, ਤਾਂ ਹੀ ਲੋਕਾਂ ਦਾ ਕੁੱਝ ਬਣੇਗਾ। ਇਸ ਲਈ ਪਹਿਲਾਂ ਦੇਸ ਦੇ ਬਾਰੇ ਸੋਚਣਾ ਚਾਹੀਦਾ ਹੈ।

**• ਗੱਲ ਦੇ ਉਲਟੇ ਮਤਲਬ ਕੱਢਣ ਵਾਲ਼ਾ -** ਉਹ ਸਧਾਰਨ ਅਤੇ ਸਿੱਧੀ ਗੱਲ ਦੇ ਵੀ ਉਲਟ ਅਰਥ ਕੱਢਦਾ ਹੈ। ਉਹ ਪੁੱਤਰ ਦੁਆਰਾ ਪਿਤਾ ਦੇ ਬੁਢਾਪੇ ਵਿੱਚ ਸਹਾਇਤਾ ਨਾ ਕਰਨ ਨੂੰ ਸ਼ਰਮ ਦੀ ਗੱਲ ਸਮਝਣ ਸਬੰਧੀ ਕਹਿਣ ਕਰਕੇ ਸ਼ਬਦਾਂ ਦੇ ਉਲਟੇ ਅਰਥ ਕੱਢਦਾ ਹੋਇਆ ਕਹਿੰਦਾ ਹੈ ਕਿ ਉਸ ਨੇ ਹੁਣ ਇਹ ਫ਼ੈਸਲਾ ਕਰ ਲਿਆ ਕਿ ਉਹ ਮੇਰੇ ਲਈ ਕੁੱਝ ਨਹੀਂ ਕਰੇਗਾ, ਸਿਰਫ਼ ਸ਼ਰਮ ਕਰਕੇ ਆਪਣਾ ਫ਼ਰਜ਼ ਭੁਲਾ ਦੇਵੇਗਾ।

**• ਪੁੱਤਰ-ਪਿਆਰ ਨਾਲ਼ ਭਰਪੂਰ -** ਪਿਤਾ ਦੇ ਰੂਪ ਵਿੱਚ ਉਹ ਪੁੱਤਰ ਪਿਆਰ ਨਾਲ ਭਰਪੂਰ ਹੈ। ਉਹ ਉਸ ਦੀ ਮਾਂ ਦੀ ਮੌਤ ਤੋਂ ਬਾਅਦ ਰਾਤ ਨੂੰ ਪੁੱਤਰ ਦੇ ਸੌਣ ਮਗਰੋਂ ਉਸ ਦੇ ਸਿਰ ਉੱਪਰ ਪਿਆਰ ਨਾਲ਼ ਹੱਥ ਫੇਰਦਾ ਹੈ। ਉਹ ਪੁੱਤਰ ਨੂੰ ਜੇਲ੍ਹ ਵਿੱਚ ਮਿਲਣ ਵੀ ਜਾਂਦਾ ਹੈ ਅਤੇ ਉਸ ਦੇ ਵਿਚਾਰਾਂ ਵਿੱਚ ਦਿਲਚਸਪੀ ਲੈਂਦਾ ਹੋਇਆ ਉਸ ਦੇ ਜੇਲ੍ਹ ਵਿੱਚੋਂ ਬਾਹਰ ਆਉਣ ਮਗਰੋਂ ਉਸ ਦੇ ਨਾਲ਼ ਸੰਘਰਸ਼ ਵਿੱਚ ਸ਼ਾਮਲ ਹੋ ਜਾਣਾ ਚਾਹੁੰਦਾ ਹੈ।

**• ਸਥਿਤੀ ਅਨੁਸਾਰ ਬਦਲ ਜਾਣ ਵਾਲ਼ਾ -** ਉਹ ਪਹਿਲਾਂ ਇਹ ਚਾਹੁੰਦਾ ਹੈ ਕਿ ਉਸ ਦਾ ਪੁੱਤਰ ਉਸਦੇ ਕਹਿਣ ਅਨੁਸਾਰ ਚੱਲ ਕੇ ਨੌਕਰੀ ਪ੍ਰਾਪਤ ਕਰ ਲਵੇ, ਪਰ ਸਮੇਂ ਅਨੁਸਾਰ ਉਹ ਆਪਣੇ ਆਪ ਨੂੰ ਬਦਲ ਲੈਂਦਾ ਹੈ ਅਤੇ ਪੁੱਤਰ ਨਾਲ਼ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ ਜਾਂਦਾ ਹੈ।

## ••• ਔਰੰਗਜ਼ੇਬ ਦਾ ਚਰਿੱਤਰ-ਚਿਤਰਨ •••

**• ਜਾਣ-ਪਛਾਣ -** ਔਰੰਗਜ਼ੇਬ 'ਜ਼ਫ਼ਰਨਾਮਾ' ਇਕਾਂਗੀ ਦਾ ਇਤਿਹਾਸਿਕ ਪਾਤਰ ਹੈ, ਜੋ ਮੁਗ਼ਲ ਬਾਦਸ਼ਾਹ ਸੀ। ਇਕਾਂਗੀ ਵਿੱਚ ਔਰੰਗਜ਼ੇਬ ਦਾ ਕੱਦ ਮਧਰਾ, ਸਰੀਰ ਕਮਜ਼ੋਰ, ਨੱਕ ਲੰਮਾ, ਰੰਗ ਗੋਰਾ ਸੁਰਖ਼, ਦਾੜ੍ਹੀ ਚਿੱਟੀ, ਮੁੱਛਾਂ ਕੱਟੀਆਂ ਹੋਈਆਂ, ਅੱਖਾਂ ਤੇਜ਼ ਭੱਖਦੀਆਂ ਹੋਈਆਂ ਤੇ ਲੱਕ ਝੁਕਿਆ ਹੋਇਆ ਹੈ। ਉਸ ਦੇ ਗਲ ਸਫ਼ੈਦ ਮਲਮਲ ਦਾ ਮੁਗ਼ਲ ਢੰਗ ਦਾ ਚੋਗਾ ਹੈ, ਜਿਸ ਦੀਆਂ ਤਣੀਆਂ ਸੱਜੇ ਮੋਢੇ ਹੇਠ ਬੰਨ੍ਹੀਆਂ ਹੋਈਆਂ ਹਨ। ਉਸ ਦੀ ਪਗੜੀ ਸੋਨੇ ਦੀਆਂ ਤਾਰਾਂ ਨਾਲ਼ ਮੜ੍ਹੀ ਹੋਈ ਹੈ। ਉਸ ਦੇ ਸਿਲਕ ਦੇ ਕਮਰਬੰਦ ਵਿੱਚ ਖੰਜਰ ਟੰਗਿਆ ਹੋਇਆ ਹੈ। ਉਹ ਪੈਰੀਂ ਮੂਰ ਫੈਸ਼ਨ ਦੀ ਜੁੱਤੀ ਪਹਿਨਦਾ ਹੈ। ਉਹ ਬੁਢਾਪੇ ਕਾਰਨ ਸੋਟੀ ਦੇ ਸਹਾਰੇ ਤੁਰਦਾ ਹੈ। ਉਹ ਆਪਣੀ ਤੀਜੀ ਇਤਾਲਵੀ ਪਤਨੀ ਬੇਗਮ ਉਦੈਪੁਰੀ ਨੂੰ ਸਭ ਤੋਂ ਵੱਧ ਪਿਆਰ ਕਰਦਾ ਹੈ। ਉਸ ਦੇ ਪੁੱਤਰ ਦਾ ਨਾਂ ਕਾਮ ਬਖ਼ਸ਼ ਅਤੇ ਧੀ ਦਾ ਨਾਂ ਜ਼ੀਨਤ-ਉਨ-ਨਿਸਾ ਹੈ।

**• ਇਕ ਜ਼ਾਲਮ ਬਾਦਸ਼ਾਹ -** ਔਰੰਗਜ਼ੇਬ ਨੇ ਹਕੂਮਤ ਦੀ ਗੱਦੀ ਲਈ ਆਪਣੇ ਤਿੰਨ ਭਰਾਵਾਂ ਨੂੰ ਮਰਵਾ ਦਿੱਤਾ ਅਤੇ ਪਿਤਾ ਨੂੰ ਕੈਦ ਕਰ ਲਿਆ ਸੀ। ਹਕੂਮਤ ਦੇ ਨਸ਼ੇ ਵਿਚ ਅੰਨ੍ਹਾ ਹੋ ਕੇ ਉਸ ਨੇ ਧਰਮ-ਈਮਾਨ ਦੀ ਵੀ ਕੋਈ ਪਰਵਾਹ ਨਹੀਂ ਕੀਤੀ। ਉਸ ਨੇ ਹਿੰਦੂਆਂ, ਸਿੱਖਾਂ ਤੇ ਸੂਫ਼ੀਆਂ ਉੱਤੇ ਬਹੁਤ ਜ਼ੁਲਮ ਕੀਤੇ। ਇਸ ਤਰ੍ਹਾਂ ਇਕਾਂਗੀ ਵਿੱਚ ਉਹ ਇੱਕ ਬੇਤਰਸ ਜ਼ਾਲਮ ਬਾਦਸ਼ਾਹ ਹੈ।

**• ਚਲਾਕ ਅਤੇ ਧਾਰਮਿਕ ਕੱਟੜਤਾ ਵਾਲ਼ਾ -** ਇਕਾਂਗੀ ਵਿੱਚ ਉਹ ਇੱਕ ਕੱਟੜ ਧਰਮੀ ਬਾਦਸ਼ਾਹ ਹੈ। ਉਸ ਨੇ ਜੰਗ ਦੇ ਮੈਦਾਨ ਵਿੱਚ ਵੀ ਕਦੇ ਨਮਾਜ਼ ਦਾ ਸਮਾਂ ਨਹੀਂ ਖੁੰਝਣ ਦਿੱਤਾ। ਉਹ ਕੁਰਾਨ ਨੂੰ ਮੰਨਣ ਵਾਲ਼ਾ ਅਤੇ ਸ਼ਾਹੀ ਮਹੱਲ ਵਿਚ ਰਾਗ, ਨਾਚ ਤੇ ਸ਼ਰਾਬ ਨਾ

ਪਸੰਦ ਕਰਨ ਵਾਲ਼ਾ ਬਾਦਸ਼ਾਹ ਹੈ। ਆਪਣੀ ਹਕੂਮਤ ਲਈ ਅਤੇ ਵਿਰੋਧੀਆਂ 'ਤੇ ਕਾਬੂ ਪਾਉਣ ਲਈ ਉਸਨੇ ਧਰਮ-ਈਮਾਨ ਦੀ ਵੀ ਪਰਵਾਹ ਨਹੀਂ ਕੀਤੀ ਅਤੇ ਝੂਠੀਆਂ ਕਸਮਾਂ ਦਾ ਸਹਾਰਾ ਲਿਆ।

• **ਦਿਲ ਵਿੱਚ ਭੇਤ ਦੀਆਂ ਗੱਲਾਂ ਰੱਖਣ ਵਾਲ਼ਾ -** ਉਹ ਕੁਝ ਭੇਤ ਆਪਣੀ ਪਤਨੀ ਬੇਗਮ ਉਦੈਪੁਰੀ, ਬੇਟੀ ਜ਼ੀਨਤ ਤੇ ਆਹਲਾ ਅਹਿਲਕਾਰ ਅਸਦ ਖ਼ਾਨ ਤੋਂ ਵੀ ਛੁਪਾ ਕੇ ਰੱਖਦਾ ਹੈ। ਆਪਣੇ ਰਾਜ ਦਾ ਖ਼ੁਫ਼ੀਆ ਮਹਿਕਮਾ ਸਿੱਧਾ ਉਸ ਨੇ ਆਪਣੇ ਅਧੀਨ ਹੀ ਰੱਖਿਆ ਹੋਇਆ ਸੀ।

• **ਸ਼ੱਕੀ ਮਿਜ਼ਾਜ ਵਾਲ਼ਾ** - ਉਹ ਆਪਣੀ ਪਤਨੀ, ਸ਼ਾਹੀ ਹਕੀਮ ਤੇ ਅਸਦ ਖ਼ਾਨ ਨੂੰ ਇਕੱਠਿਆਂ ਦੇਖ ਕੇ ਕਹਿੰਦਾ ਹੈ ਕਿ ਉਹ ਕੀ ਸਾਜ਼ਸ਼ ਕਰ ਰਹੇ ਹਨ। ਸ਼ਾਹੀ ਹਕੀਮ ਦੁਆਰਾ ਦਿਮਾਗੀ ਤੰਦਰੁਸਤੀ ਲਈ ਦਵਾਈ ਦੇਣ ਸਮੇਂ ਉਹ ਪਹਿਲਾਂ ਉਸ ਨੂੰ ਹਕੀਮ ਦੁਆਰਾ ਆਪ ਦਵਾਈ ਚੱਖ ਕੇ ਦਿਖਾਉਣ ਲਈ ਕਹਿੰਦਾ ਹੈ।

• **ਕਮਜ਼ੋਰੀਆਂ ਨੂੰ ਛੁਪਾਉਣ ਵਾਲ਼ਾ** - ਉਹ ਆਪਣੀਆਂ ਕੰਮਜ਼ੋਰੀਆਂ ਨੂੰ ਛਪਾਉਣ ਲਈ ਆਪਣੇ ਨਿੱਜੀ ਮਾਮਲਿਆਂ ਵਿੱਚ ਕਿਸੇ ਦੀ ਵੀ ਦਖ਼ਲ-ਅੰਦਾਜੀ ਪਸੰਦ ਨਹੀਂ ਕਰਦਾ। ਉਸ ਨੂੰ ਵਿਦਰੋਹ ਦਾ ਵੀ ਡਰ ਹੈ।

• **ਪਰਿਵਾਰ ਨਾਲ ਪਿਆਰ ਕਰਨ ਵਾਲ਼ਾ -** ਔਰੰਗਜ਼ੇਬ ਦਾ ਆਪਣੀ ਇਤਾਲਵੀ ਤੀਜੀ ਪਤਨੀ ਬੇਗਮ ਉਦੈਪੁਰੀ ਪੁੱਤਰ ਕਾਮ ਬਖ਼ਸ਼ ਅਤੇ ਧੀ ਜ਼ੀਨਤ-ਉਨ-ਨਿਸਾ ਨਾਲ਼ ਬਹੁਤ ਪਿਆਰ ਹੈ। ਉਹ ਸੁਪਨੇ ਵਿਚ ਮੁਅੱਜ਼ਮ ਨੂੰ ਬੇਨਤੀ ਕਰਦਾ ਹੈ ਕਿ ਉਹ ਬੇਗਮ ਉਦੈਪੁਰੀ ਤੇ ਕਾਮ ਬਖ਼ਸ਼ ਨੂੰ ਨਾ ਮਾਰੇ। ਉਹ ਆਪਣੀ ਧੀ ਜ਼ੀਨਤ ਦੁਆਰਾ ਕੀਤੀ ਸੇਵਾ ਤੋਂ ਖੁਸ਼ ਹੋ ਕੇ ਰੱਬ ਅੱਗੇ ਬੇਨਤੀ ਕਰਦਾ ਹੈ ਕਿ ਰੱਬ ਸਾਰਿਆਂ ਨੂੰ ਇਹੋ ਜਿਹੀ ਧੀ ਦੇਵੇ।

• **ਬੇਵੱਸ ਇਨਸਾਨ -** ਉਸ ਨੇ ਆਪਣੇ ਪਹਿਲੇ ਸਮੇਂ ਵਿੱਚ ਲੋਕਾਂ ਨੂੰ ਬਹੁਤ ਦਰਦ ਦਿੱਤਾ ਸੀ, ਪਰ ਹੁਣ ਬੁਢਾਪੇ ਦੇ ਸਮੇਂ ਦੇਸ਼ ਵਿਚ ਥਾਂ-ਥਾਂ ਤੋਂ ਉੱਠ ਰਹੀਆਂ ਬਗਾਵਤਾਂ ਕਰਕੇ ਬਿਲਕੁਲ ਬੇਵੱਸ ਹੋ ਚੁੱਕਾ। ਗੁਰੂ ਜੀ ਵੱਲੋਂ ਆਇਆ ਖ਼ਤ 'ਜ਼ਫ਼ਰਨਾਮਾ' ਪੜ੍ਹ ਕੇ ਉਸ ਦੀ ਰੂਹ ਕੰਬ ਗਈ ਪਰ ਉਹ ਗੁਰੂ ਜੀ ਤੇ ਉਨ੍ਹਾਂ ਦੇ ਪੁੱਤਰਾਂ ਉੱਪਰ ਜ਼ੁਲਮ ਢਾਹੁਣ ਵਾਲ਼ੇ ਵਜ਼ੀਰ ਖਾਂ ਨੂੰ ਸਜ਼ਾ ਦੇਣ ਲਈ ਵੀ ਆਪਣੀ ਬੇਵਸੀ ਜ਼ਾਹਰ ਕਰਦਾ ਹੈ।

• **ਅੰਤ ਸਮੇਂ ਸੱਚ ਨੂੰ ਸਵੀਕਾਰ ਕਰ ਲੈਣ ਵਾਲ਼ਾ -** ਗੁਰੂ ਜੀ ਦਾ ਆਇਆ ਖ਼ਤ ਪੜ੍ਹ ਕੇ ਔਰੰਗਜ਼ੇਬ ਆਪਣੇ ਰਾਜ ਵਿੱਚ ਹੋਏ ਜ਼ੁਲਮਾਂ ਕਾਰਨ ਬੇਚੈਨ ਹੋ ਜਾਂਦਾ ਹੈ ਅਤੇ ਆਪਣੀ ਹਾਰ ਸਵੀਕਾਰ ਕਰਦਾ ਹੈ। ਅਸਦ ਖ਼ਾਨ ਦੀ ਸਲਾਹ ਅਨੁਸਾਰ ਗੁਰੂ ਜੀ ਨੂੰ ਸੁਲਾਹ ਕਰਨ ਲਈ ਬੁਲਾਉਣ ਦਾ ਫ਼ੈਸਲਾ ਕਰਦਾ ਹੈ।

## ••• ਜ਼ੀਨਤ-ਉਨ-ਨਿਸਾ ਦਾ ਚਰਿੱਤਰ-ਚਿਤਰਨ •••

• **ਜਾਣ-ਪਛਾਣ -** ਜ਼ੀਨਤ-ਉਨ-ਨਿਸਾ 'ਜ਼ਫ਼ਰਨਾਮਾ' ਇਕਾਂਗੀ ਦੀ ਇੱਕ ਮਹੱਤਵਪੂਰਨ ਪਾਤਰ ਹੈ। ਇਕਾਂਗੀ ਵਿੱਚ ਉਹ ਔਰੰਗਜ਼ੇਬ ਤੇ ਬੇਗਮ ਉਦੈਪੁਰੀ ਦੀ ਧੀ ਹੈ। ਉਸ ਦੀ ਉਮਰ 30 ਸਾਲ ਹੈ। ਕਾਮ ਬਖ਼ਸ਼ ਰਿਸ਼ਤੇ ਵਿੱਚ ਉਸਦਾ ਭਰਾ ਹੈ।

• **ਆਪਣੇ ਪਿਤਾ ਦੀ ਸੇਵਾ ਕਰਨ ਵਾਲ਼ੀ -** ਜ਼ੀਨਤ ਇਕਾਂਗੀ ਵਿੱਚ ਆਪਣੇ ਪਿਤਾ ਔਰੰਗਜ਼ੇਬ ਦਾ ਬਹੁਤ ਖ਼ਿਆਲ ਰੱਖਦੀ ਹੈ। ਉਸ ਦੇ ਆਪਣੇ ਪ੍ਰਤੀ ਪਿਆਰ ਤੇ ਸੇਵਾ ਭਾਵ ਨੂੰ ਦੇਖ ਕੇ ਔਰੰਗਜ਼ੇਬ ਉਸਦੀ ਪ੍ਰਸੰਸਾ ਕਰਦਾ ਹੋਇਆ ਕਹਿੰਦਾ ਹੈ ਕਿ ਰੱਬ ਜ਼ੀਨਤ ਵਰਗੀ ਧੀ ਹਰ ਕਿਸੇ ਨੂੰ ਦੇਵੇ।

**• ਆਪਣੇ ਪਿਤਾ ਦੀਆਂ ਕਮਜ਼ੋਰੀਆਂ ਤੋਂ ਜਾਣੂ -** ਜ਼ੀਨਤ ਆਪਣੇ ਪਿਤਾ ਔਰੰਗਜ਼ੇਬ ਦੀਆਂ ਕਮਜ਼ੋਰੀਆਂ ਤੋਂ ਜਾਣੂ ਹੈ। ਇਸ ਬਾਰੇ ਔਰੰਗਜ਼ੇਬ ਆਪਣੇ ਆਹਲਾ ਆਹਿਲਕਾਰ ਅਤੇ ਦਿਲੀ ਦੋਸਤ ਅਸਦ ਖ਼ਾਨ ਨੂੰ ਦੱਸਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਉਹ ਆਪਣੀ ਧੀ ਦੀਆਂ ਨਜ਼ਰਾਂ ਵਿਚ ਹੋਰ ਨਹੀਂ ਡਿੱਗਣਾ ਚਾਹੁੰਦਾ ।

**• ਪਿਤਾ ਦੀਆਂ ਗੱਲਾਂ ਤੋਂ ਨਰਾਜ਼ -** ਜਦੋਂ ਉਸ ਨੂੰ ਆਪਣੇ ਪਿਤਾ ਔਰੰਗਜ਼ੇਬ ਦੁਆਰਾ ਕੀਤੇ ਜੁਲਮਾਂ, ਝੂਠੀਆਂ ਕਸਮਾਂ ਚੁੱਕਣ ਅਤੇ ਗੁਰੂ ਜੀ ਦੇ ਬੱਚਿਆਂ ਉੱਪਰ ਕੀਤੇ ਕਤਲ ਬਾਰੇ ਪਤਾ ਲੱਗਦਾ ਹੈ ਤਾਂ ਉਹ ਪਿਤਾ ਤੋਂ ਨਰਾਜ਼ ਹੋਈ ਉਸ ਨੂੰ ਕਹਿੰਦੀ ਹੈ ਕਿ ਉਸ ਦੀ ਰੂਹ ਨੂੰ ਕਿਆਮਤ ਤੱਕ ਵੀ ਚੈਨ ਨਹੀਂ ਮਿਲੇਗਾ।

**• ਜ਼ੁਲਮਾਂ ਨੂੰ ਨਾ ਸਹਾਰ ਸਕਣ ਵਾਲ਼ੀ -** ਉਹ ਗੁਰੂ ਜੀ ਦੇ ਛੋਟੇ ਸਹਿਬਜਾਦਿਆਂ ਉੱਪਰ ਵਜ਼ੀਰ ਖਾਂ ਦੁਆਰਾ ਕੀਤੇ ਜ਼ੁਲਮਾਂ ਬਾਰੇ ਸੁਣ ਕੇ ਚੀਕ ਉੱਠਦੀ ਹੈ। ਉਹ ਆਪਣੇ ਪਿਤਾ ਔਰੰਗਜ਼ੇਬ ਨੂੰ ਸਵਾਲ ਕਰਦੀ ਹੋਈ ਕਹਿੰਦੀ ਹੈ ਕਿ ਆਪਣੇ ਪੁੱਤਰਾਂ ਅਕਬਰ ਤੇ ਬੇਟੀ ਜ਼ੇਬ-ਉਨ-ਨਿਸਾ ਦੀ ਮੌਤ ਬਾਰੇ ਸੁਣ ਕੇ ਤਾਂ ਉਹ ਬੇਹੱਦ ਰੋਏ ਸਨ, ਪਰ ਅੱਜ ਮਾਸੂਮ ਬੱਚਿਆਂ ਉੱਪਰ ਹੋਏ ਜ਼ੁਲਮ ਤੇ ਉਹ ਚੁੱਪ ਕਿਉਂ ਖੜ੍ਹੇ ਹਨ।

## ••• ਮਨਜੀਤ ਦਾ ਪਾਤਰ ਚਿਤਰਨ •••

**• ਜਾਣ-ਪਛਾਣ -** ਮਨਜੀਤ 'ਦੂਜਾ ਵਿਆਹ' ਇਕਾਂਗੀ ਦੀ ਮੁੱਖ ਪਾਤਰ ਅਤੇ ਪਾਠਕਾਂ ਦੀ ਸਭ ਤੋਂ ਵਧੇਰੇ ਪਸੰਦੀਦਾ ਪਾਤਰ ਹੈ। ਉਹ ਸੁਖਦੇਵ ਦੀ ਪਤਨੀ ਤੇ ਨਿਹਾਲ ਕੌਰ ਦੀ ਨੂੰਹ ਹੈ। ਉਸ ਦਾ ਵਿਆਹ ਹੋਏ ਨੂੰ ਢਾਈ ਸਾਲ ਹੋ ਗਏ ਹਨ, ਪਰ ਉਸ ਦੇ ਘਰ ਕੋਈ ਬੱਚਾ ਨਹੀਂ ਹੋਇਆ।

**• ਹੱਸਮੁੱਖ ਸੁਭਾਅ ਵਾਲ਼ੀ -** ਉਹ ਬੜੀ ਸਮਝਦਾਰ ਤੇ ਹੱਸਮੁੱਖ ਸੁਭਾਅ ਵਾਲ਼ੀ ਔਰਤ ਹੈ। ਉਹ ਸੱਸ ਦੀਆਂ ਬੇਬੁਨਿਆਦ ਗੱਲਾਂ ਦਾ ਗੁੱਸਾ ਨਹੀਂ ਕਰਦੀ, ਸਗੋਂ ਉਹ ਹਰ ਗੱਲ ਨੂੰ ਹੱਸ ਕੇ ਟਾਲ ਦਿੰਦੀ ਹੈ।

**• ਨਿਰਮਾਣਤਾ ਭਰਪੂਰ -** ਉਹ ਨਿਰਮਾਣਤਾ ਦੇ ਭਾਵਾਂ ਨਾਲ਼ ਭਰਪੂਰ ਔਰਤ ਹੈ। ਉਹ ਆਪਣੇ ਆਪ ਨੂੰ 'ਸਭ ਦੀ ਸੇਵਕ' ਤੇ 'ਹੌਲੀ ਮੱਤ ਵਾਲ਼ੀ' ਆਖਦੀ ਹੈ।

**• ਸਭ ਦਾ ਸਤਿਕਾਰ ਕਰਨ ਵਾਲ਼ੀ -** ਉਹ ਆਪਣੇ ਪਤੀ, ਸੱਸ ਅਤੇ ਸਹੁਰੇ ਦਾ ਸਤਿਕਾਰ ਕਰਦੀ ਹੈ। ਉਹ ਆਪਣੀ ਸਭਾ ਵਿੱਚ ਸ਼ਾਮਲ ਔਰਤਾਂ ਪ੍ਰਤੀ ਵੀ ਸਤਿਕਾਰ ਭਾਵ ਰੱਖਦੀ ਹੈ। ਉਹ ਆਪਣੀ ਸੱਸ ਨੂੰ ਗੁਆਂਢਣ ਬਾਰੇ ਬੁਰਾ-ਭਲਾ ਬੋਲਣ ਤੋਂ ਰੋਕਦੀ ਹੈ।

**• ਦਲੀਲ ਨਾਲ ਗੱਲ ਕਰਨ ਵਾਲ਼ੀ -** ਉਹ ਹਰ ਗੱਲ ਦਲੀਲ ਦੇ ਆਧਾਰ 'ਤੇ ਕਰਦੀ ਹੈ। ਭਾਵੇਂ ਉਸ ਦੀ ਸੱਸ ਦਾ ਸੁਭਾਅ ਕੌੜਾ ਤੇ ਈਰਖਾਲੂ ਹੈ, ਪਰ ਉਹ ਉਸ ਦੀ ਹਰ ਗੱਲ ਦਾ ਜਵਾਬ ਬਿਨਾਂ ਕਿਸੇ ਗੁੱਸੇ ਦੇ ਦਲੀਲ ਨਾਲ਼ ਦਿੰਦੀ ਹੈ।

**• ਅਗਾਂਹਵਧੂ ਖ਼ਿਆਲਾਂ ਵਾਲ਼ੀ ਔਰਤ -** ਉਹ ਨਵੇਂ ਤੇ ਅਗਾਂਹਵਧੂ ਖ਼ਿਆਲਾਂ ਵਾਲੀ ਔਰਤ ਹੈ। ਉਹ ਆਪਣੇ ਸਹੁਰੇ ਤੋਂ ਘੁੰਡ ਨਹੀਂ ਕੱਢਦੀ ਅਤੇ ਇਸਤਰੀਆਂ ਦੀ ਭਲਾਈ ਲਈ ਇਸਤਰੀ ਸਭਾ ਦੀ ਮੈਂਬਰ ਬਣੀ ਹੋਈ ਹੈ। ਉਹ ਪੜ੍ਹਾਈ ਵਿੱਚ ਵੀ ਦਿਲਚਸਪੀ ਰੱਖਦੀ ਹੋਈ ਕੁਝ ਸਮਾਂ ਕੁਝ ਪੜ੍ਹਨ ਵਿੱਚ ਲਾਉਂਦੀ ਹੈ।

**• ਘਰੇਲੂ ਕੰਮਾਂ ਵਿੱਚ ਦਿਲਚਸਪੀ ਰੱਖਣ ਵਾਲ਼ੀ -** ਮਨਜੀਤ ਘਰ ਦੇ ਸਾਰੇ ਕੰਮਾਂ ਨੂੰ ਬੜੀ ਦਿਲਚਸਪੀ ਨਾਲ਼ ਕਰਦੀ ਹੈ। ਉਹ ਖਾਣਾ ਬਣਾਉਣ ਸਮੇਂ ਸਾਰਿਆਂ ਦੀ ਪਸੰਦ ਦਾ ਵੀ ਖ਼ਿਆਲ ਰੱਖਦੀ ਹੈ।

**• ਕਿਸੇ ਦੀ ਨਿੰਦਿਆ ਨਾ ਪਸੰਦ ਕਰਨ ਵਾਲ਼ੀ -** ਉਹ ਆਪਣੀ ਸੱਸ ਦੁਆਰਾ ਗੁਆਂਢਣ ਅਤੇ ਸਭਾ ਦੀਆਂ ਹੋਰ ਔਰਤਾਂ ਦੀ ਕੀਤੀ ਜਾਂਦੀ ਨਿੰਦਿਆ ਨੂੰ ਪਸੰਦ ਨਹੀਂ ਕਰਦੀ। ਉਹ ਆਪਣੀ ਸੱਸ ਨੂੰ ਉਹਨਾਂ ਬਾਰੇ ਬੋਲ-ਕਬੋਲ ਬੋਲਣ ਤੋਂ ਰੋਕਦੀ ਹੈ।

**• ਹਾਜ਼ਰ-ਜੁਆਬ ਤੇ ਵਿਅੰਗਮਈ ਸੁਭਾਅ ਵਾਲ਼ੀ -** ਉਹ ਹਾਜ਼ਰ-ਜੁਆਬ ਅਤੇ ਵਿਅੰਗਮਈ ਸੁਭਾਅ ਵਾਲੀ ਔਰਤ ਹੈ। ਉਹ ਆਪਣੀ ਸੱਸ ਦੀਆਂ ਕੌੜੀਆਂ ਗੱਲਾਂ ਦਾ ਜੁਆਬ ਚੰਗੀ ਦਲੀਲ ਨਾਲ਼ ਅਤੇ ਬਹੁਤ ਵਿਅੰਗਮਈ ਢੰਗ ਨਾਲ਼ ਦਿੰਦੀ ਹੈ। ਉਸ ਦੀਆਂ ਅਜਿਹੀਆਂ ਗੱਲਾਂ ਹੀ ਇਕਾਂਗੀ ਦੇ ਵਿਸ਼ੇ ਨੂੰ ਪ੍ਰਭਾਵਸ਼ਾਲੀ ਬਣਾਉਦੀਆਂ ਹਨ।

**• ਨਣਾਨ ਨਾਲ ਪਿਆਰ ਰੱਖਣ ਵਾਲ਼ੀ -** ਉਹ ਆਪਣੀ ਨਣਾਨ ਨੂੰ ਚਿੱਠੀ-ਪੱਤਰ ਲਿਖਦੀ ਰਹਿੰਦੀ ਹੈ ਤੇ ਉਸ ਦੇ ਦੁੱਖ-ਸੁੱਖ ਦਾ ਖ਼ਿਆਲ ਰੱਖਦੀ ਹੈ। ਉਹ ਆਪਣੀ ਸਭਾ ਰਾਹੀਂ ਔਖੇ ਸਮੇਂ ਆਪਣੀ ਨਣਾਨ ਦੀ ਮਦਦ ਕਰਨ ਦੀ ਗੱਲ ਵੀ ਕਹਿੰਦੀ ਹੈ।

**• ਹਾਸ-ਰਸ ਪੈਦਾ ਕਰਨ ਵਾਲ਼ੀ -** ਉਸ ਦੀ ਹਾਜ਼ਰ-ਜੁਆਬੀ, ਵਿਅੰਗਮਈ ਗੱਲਾਂ ਤੇ ਕਾਰਜ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦੇ ਹਨ। ਉਹ ਇੱਕ ਸਮਾਜ-ਸੇਵਿਕਾ ਅਤੇ ਇਸਤਰੀ ਸਭਾ ਦੀ ਮੈਂਬਰ ਹੈ, ਜੋ ਸਮਾਜ ਵਿੱਚ ਇਸਤਰੀ ਜਾਤੀ ਨਾਲ਼ ਹੁੰਦੇ ਵਿਤਕਰੇ ਖ਼ਿਲਾਫ਼ ਅਵਾਜ਼ ਚੁੱਕਦੀ ਹੈ।

**ਪ੍ਰਸ਼ਨ 10. ਇਕਾਂਗੀ ਦੇ ਦਿੱਤੇ ਦੋ ਵਾਰਤਾਲਾਪ ਵਿੱਚੋਂ ਇੱਕ ਦੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਲੋੜੀਂਦੀ ਸਮੱਗਰੀ। ਅੰਕ - 3**

**(1) "ਹਜ਼ੂਰ ਕੀ ਪੁੱਛਦੇ ਓ, ਦਿਨ ਦਿਹਾੜੇ ਡਾਕੇ ਵੱਜਦੇ ਨੇ ਪਰ ਜੇ ਥੋਡੀਆਂ ਗਸ਼ਤਾਂ ਏਕਰ ਈ ਜਾਰੀ ਰਹੀਆਂ ਤਾਂ, ਸਭਨਾਂ ਨੇ ਸੁੱਸਰੀ ਵਾਂਗ ਸੌਂ ਜਾਣੈ। ਕਿਸੇ ਨੇ ਹੂ ਨਹੀਂ ਕਰਨੀ।"**

**ਪ੍ਰਸ਼ਨ -** 1. ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ? **ਉੱਤਰ -** 1. ਬੰਬ ਕੇਸ।

2. ਇਸ ਇਕਾਂਗੀ ਦਾ ਲੇਖਕ ਕੌਣ ਹੈ? 2. ਬਲਵੰਤ ਗਾਰਗੀ।

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ? 3. ਇਹ ਸ਼ਬਦ ਸਿਪਾਹੀ ਨੇ ਨਵੇਂ ਆਏ ਥਾਣੇਦਾਰ ਨੂੰ ਕਹੇ।

4. ਇਨ੍ਹਾਂ ਸ਼ਬਦਾਂ ਦੀ ਸੁਰ ਕਿਹੋ ਜਿਹੀ ਹੈ? 4. ਇਨ੍ਹਾਂ ਸ਼ਬਦਾਂ ਦੀ ਸੁਰ ਖੁਸ਼ਾਮਦ ਭਰੀ ਹੈ।

**(2) "ਜੀ ਚੋਰ ਨਾਲ਼ੋਂ ਚੋਰ ਦੀ ਮਾਂ ਚਤੁਰ ਹੁੰਦੀ ਏ। ਕੁਝ ਨਹੀਂ ਦੱਸਣਾ ਏਸ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਅਤੇ ਕਿਸ ਦੀ ਰਚਨਾ ਹਨ?

2. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

3. ਚੋਰ ਦੀ ਮਾਂ ਕਿਸ ਨੂੰ ਕਿਹਾ ਗਿਆ ਹੈ?

4. ਚੋਰ ਦੀ ਮਾਂ ਕਿਹੋ ਜਿਹੀ ਹੁੰਦੀ ਹੈ?

**ਉੱਤਰ -** 1.ਇਕਾਂਗੀ ਬੰਬ ਕੇਸ ਅਤੇ ਇਕਾਂਗੀਕਾਰ ਬਲਵੰਤ ਗਾਰਗੀ।

2. ਇਹ ਸ਼ਬਦ ਸਿਪਾਹੀ ਨੇ ਥਾਣੇਦਾਰ ਨੂੰ ਕਹੇ।

3. ਵੀਰਾਂਵਾਲੀ ਨੂੰ।

4. ਚੋਰ ਦੀ ਮਾਂ ਬਹੁਤ ਚੁਸਤ-ਚਲਾਕ ਹੁੰਦੀ ਹੈ।

**(3) "ਲਿਆ ਓਏ ਨੱਥਾ ਸਿਹਾਂ ਹੱਥਕੜੀਆਂ। ਇਹ ਬੰਬ ਬਣਾਂਦਾ ਏ। ਇਸਦਾ ਖਿਆਲ ਏ ਕਿ ਅਸੀਂ ਇਸ ਦੀਆਂ ਗੱਲਾਂ ਨੂੰ ਮਖੌਲ 'ਚਟਾਲ ਦੇਵਾਂਗੇ, ਪਰ ਮੈਂ ਸਾਰੀਆਂ ਗੱਲਾਂ ਜਾਣਦਾ ਹਾਂ। ਲਿਆ ਹੱਥਕੜੀਆਂ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ? **ਉੱਤਰ -** 1. ਬੰਬ ਕੇਸ।

2. ਇਹ ਇਕਾਂਗੀ ਕਿਸ ਦੀ ਰਚਨਾ ਹੈ? 2. ਬਲਵੰਤ ਗਾਰਗੀ।

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ? 3. ਇਹ ਸ਼ਬਦ ਥਾਣੇਦਾਰ ਨੇ ਸਿਪਾਹੀ ਨੂੰ ਉਹ ਕਹੇ।

4. ਥਾਣੇਦਾਰ ਕਿਸ ਨੂੰ ਹੱਥਕੜੀਆਂ ਲਾਉਣੀਆਂ ਚਾਹੁੰਦਾ ਹੈ? 4. ਵਜ਼ੀਰੇ ਨੂੰ।

**(4) "ਬੜੀ ਖ਼ਚਰੀ ਏਂ ਬੁੱਢੀਏ। ਲੈ ਹੁਣ ਸਫ਼ੈਦਪੋਸ਼ਾਂ, ਸਰਕਾਰੀ ਅਫ਼ਸਰਾਂ ਤੇ ਸਰਦਾਰਾਂ ਨੂੰ ਵੀ ਵਿੱਚ ਲੈਣ ਲੱਗੀ ਏਂ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ? **ਉੱਤਰ -** 1. ਬੰਬ ਕੇਸ।

2. ਇਹ ਇਕਾਂਗੀ ਕਿਸ ਦੀ ਰਚਨਾ ਹੈ? 2. ਬਲਵੰਤ ਗਾਰਗੀ।

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ? 3. ਇਹ ਸ਼ਬਦ ਥਾਣੇਦਾਰ ਨੇ ਵੀਰਾਂਵਾਲੀ ਨੂੰ ਕਹੇ।

4. ਖਚਰੀ ਬੁੱਢੀ ਕਿਸ ਨੂੰ ਕਿਹਾ ਗਿਆ ਹੈ? 4. ਖੱਚਰੀ ਬੁੱਢੀ ਵੀਰਾਂ ਵਾਲੀ ਨੂੰ ਕਿਹਾ ਗਿਆ ਹੈ।

**(5) "ਆਹੋ ਹਜ਼ੂਰ, ਮੈਂ ਤੁਹਾਨੂੰ ਕਦ ਇਨਕਾਰੀ ਕੀਤੀ ਏ? ਜੇ ਤੁਹਾਡੇ ਟਾਂਗੇ ਦੇ ਬੰਬ ਟੁੱਟੇ ਹੋਏ ਹਨ, ਤਾਂ ਬਣਾ ਦੇਵਾਂਗਾ। ਹਜ਼ੂਰ ਛੇਤੀ ਤਿਆਰ ਕਰ ਦੇਵਾਂਗਾ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ? **ਉੱਤਰ -** 1. ਬੰਬ ਕੇਸ।

2. ਇਹ ਇਕਾਂਗੀ ਕਿਸ ਦੀ ਰਚਨਾ ਹੈ ? 2. ਬਲਵੰਤ ਗਾਰਗੀ।

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ? 3. ਇਹ ਵਾਰਤਾਲਾਪ ਵਜ਼ੀਰੇ ਨੇ ਥਾਣੇਦਾਰ ਨੂੰ ਕਹੇ।

4. ਵਜੀਰਾ ਕਿਹੜੇ ਬੰਬ ਬਣਾਉਂਦਾ ਸੀ? 4. ਵਜੀਰਾ ਟਾਂਗਿਆਂ ਦੇ ਬੰਬ ਬਣਾਉਂਦਾ ਸੀ।

**(6) "ਸਗੋਂ ਘੁੱਗੂ ਬਣਿਆ ਖੜ੍ਹਾ ਏਂ। ਜੀਭ ਤਾਲੂ ਨਾਲ਼ ਲੱਗ ਗਈ। ਗੱਲਾਂ ਮਾਰਦਾ ਸੀ ਚਪੜ-ਚਪੜ। ਸਾਨੂੰ ਧੋਖਾ ਦੇਣ ਲਈ ਆਖਦਾ ਏ ਟਾਂਗੇ ਦੇ ਬੰਬ। ਓਥੇ ਜਾ ਕੇ ਪੁੱਛਾਂਗੇ ਕਿਹੜੇ ਬੰਬ ਬਣਾਂਦਾ ਏਂ ਤੂੰ। ਚੱਲ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ? **ਉੱਤਰ -** 1. ਬੰਬ ਕੇਸ।

2. ਇਹ ਇਕਾਂਗੀ ਕਿਸ ਦੀ ਰਚਨਾ ਹੈ? 2. ਬਲਵੰਤ ਗਾਰਗੀ।

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ? 3. ਇਹ ਸ਼ਬਦ ਥਾਣੇਦਾਰ ਨੇ ਇਕਾਂਗੀ ਦੇ ਅੰਤ ਵਿੱਚ ਵਜ਼ੀਰੇ ਨੂੰ ਕਹੇ।

4. ਘੁੱਗੂ ਬਣਿਆ ਕੌਣ ਖੜ੍ਹਾ ਸੀ? 4. ਵਜੀਰਾ।

**(7) "ਇਕ ਚੌਂਕ 'ਚ ਖੜ੍ਹਾ ਸਿਪਾਹੀ ਹਰ ਇਕ ਕਾਰ ਵਾਲ਼ੇ ਨੂੰ ਰੋਕ ਸਕਦਾ ਏ, ਪਰ ਇਹਦਾ ਇਹ ਮਤਲਬ ਨਹੀਂ ਕਿ ਉਹਦਾ ਰੁਤਬਾ ਕਾਰ ਵਾਲਿਆਂ ਨਾਲ਼ੋਂ ਉੱਚਾ ਹੈ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿਚੋਂ ਹਨ? **ਉੱਤਰ -** 1. ਨਾਇਕ।

2. ਇਸ ਇਕਾਂਗੀ ਦਾ ਲੇਖਕ ਕੌਣ ਹੈ? 2. ਗੁਰਸ਼ਰਨ ਸਿੰਘ।

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ? 3. ਇਹ ਸ਼ਬਦ ਪੁੱਤਰ ਨੇ ਪਿਤਾ ਨੂੰ ਕਹੇ।

4. ਕਿਸ ਦਾ ਰੁਤਬਾ ਕਿਸ ਦੇ ਬਰਾਬਰ ਨਹੀਂ ਹੁੰਦਾ?4. ਚੌਂਕ ਵਿੱਚ ਖੜ੍ਹੇ ਸਿਪਾਹੀ ਦਾ ਲੰਘ ਰਹੀ ਕਾਰ ਵਾਲ਼ੇ ਦੇ ਬਰਾਬਰ।

**(8) "ਨਹੀਂ ਇਹ ਗੱਲ ਨਹੀਂ, ਮੈਂ ਆਪਣੇ ਪੈਰਾਂ 'ਤੇ ਖਲੋਣਾ ਚਾਹੁੰਦਾ ਹਾਂ, ਪਰ ਤੁਸੀਂ ਮੇਰੀ ਇਹ ਗੱਲ ਨਹੀਂ ਸਮਝੋਗੇ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿਚੋਂ ਹਨ? **ਉੱਤਰ -** 1. ਨਾਇਕ।

2. ਇਸ ਇਕਾਂਗੀ ਦਾ ਲੇਖਕ ਕੌਣ ਹੈ? 2. ਗੁਰਸ਼ਰਨ ਸਿੰਘ।

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ? 3. ਇਹ ਸ਼ਬਦ ਪੁੱਤਰ ਨੇ ਪਿਤਾ ਨੂੰ ਕਹੇ।

4. ਇਹ ਸ਼ਬਦ ਬੋਲਣ ਵਾਲ਼ੇ ਦਾ ਸੁਭਾ ਕਿਹੋ ਜਿਹਾ ਹੈ? 4. ਸਵੈ-ਵਿਸ਼ਵਾਸ ਵਾਲ਼ਾ।

**(9) "ਮੈਂ ਜਜ਼ਬਿਆਂ ਦੀ ਕਦਰ ਕਰਦਾ ਹਾਂ, ਨੌਜਵਾਨਾਂ ਵਿਚ ਇਹੋ ਜਿਹਾ ਹੀ ਵਿਸ਼ਵਾਸ ਹੋਣਾ ਚਾਹੀਦਾ ਹੈ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿਚੋਂ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਕਿਹੜੇ ਜ਼ਜਬਿਆਂ ਦੀ ਕਦਰ ਕੀਤੀ ਗਈ ਹੈ?

**ਉੱਤਰ -** 1. ਨਾਇਕ।

2. ਗੁਰਸ਼ਰਨ ਸਿੰਘ।

3. ਇਹ ਸ਼ਬਦ ਪਿਤਾ ਨੇ ਪੁੱਤਰ ਨੂੰ ਕਹੇ।

4. ਸਿਫ਼ਾਰਿਸ਼ ਦਾ ਸਹਾਰਾ ਨਾ ਲੈਣ ਵਾਲ਼ੇ।

**(10) "ਕੋਈ ਐਸਾ ਉਮੀਦਵਾਰ ਵੀ ਆ ਸਕਦਾ ਹੈ, ਜਿਸ ਦੇ ਨੰਬਰ ਭਾਵੇਂ ਥੋੜ੍ਹੇ ਹੋਣ, ਪਰ ਉਸਦੀ ਸਿਫ਼ਾਰਸ਼ ਬਹੁਤੀ ਹੋਵੇ, ਉਸ ਦੀ ਲਿਆਕਤ ਘੱਟ ਹੋਵੇ, ਪਰ ਮੁੱਲ ਬਹੁਤ ਹੋਵੇ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿਚੋਂ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਇਸ ਵਾਰਤਾਲਾਪ ਅਨੁਸਾਰ ਕਿਸ ਉਮੀਦਵਾਰ ਨੂੰ ਨੌਕਰੀ ਮਿਲ਼ ਸਕਦੀ ਹੈ?

**ਉੱਤਰ -** 1. ਨਾਇਕ।

2. ਗੁਰਸ਼ਰਨ ਸਿੰਘ।

3. ਇਹ ਸ਼ਬਦ ਪਿਤਾ ਨੇ ਪੁੱਤਰ ਨੂੰ ਕਹੇ।

4. ਲਿਆਕਤ ਘੱਟ ਹੋਣ ਦੇ ਬਾਵਜੂਦ ਵੀ ਵੱਡੀ ਸਿਫ਼ਾਰਿਸ਼ ਵਾਲ਼ੇ ਨੂੰ।

**(11) "ਇਹ ਤੁਹਾਡੀ ਪੀੜੀ ਦੀ ਆਦਤ ਬਣ ਗਈ ਏ ਹਰ ਚੀਜ਼ ਨੂੰ ਉਲਟਾ ਕਰਕੇ ਦੇਖੋ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿਚੋਂ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਇਸ ਵਿੱਚ ਕਿਹੜੀ ਪੀੜ੍ਹੀ ਦੀ ਆਦਤ ਦੀ ਗੱਲ ਕੀਤੀ ਗਈ ਹੈ?

**ਉੱਤਰ -** 1. ਨਾਇਕ।

2. ਗੁਰਸ਼ਰਨ ਸਿੰਘ।

3. ਇਹ ਸ਼ਬਦ ਪਿਤਾ ਨੇ ਪੁੱਤਰ ਨੂੰ ਕਹੇ।

4. ਨੌਜਵਾਨ ਪੀੜ੍ਹੀ ਦੀ।

**(12) "ਉਹਨੂੰ ਮੈਂ ਸੱਤ ਸਮੁੰਦਰੋਂ ਪਾਰ ਧਰਮ-ਕਰਮ ਦੀ ਚੱਕੀ ਵਿੱਚ ਇਸਤਰੀ ਦਾ ਦਲੀਆ ਕਰਨ ਵਾਲ਼ੇ ਸਮਾਜ ਦੀ ਸ਼ਰਨ ਵਿਚ ਛੱਡ ਕੇ ਸੁਰਖ਼ਰੂ ਹੋ ਗਿਆ ਹਾਂ। ਇੰਗਲੈਂਡ ਦੀਆਂ ਅਜ਼ਾਦ ਫ਼ਿਜ਼ਾਵਾਂ ਨੇ ਮੈਨੂੰ ਮਰਸੀ ਬਖ਼ਸ਼ੀ ਹੋਈ ਏ। ਹੁਣ ਸ਼ਰਨਜੀਤ ਦਾ ਪਰਛਾਵਾਂ ਮੇਰੇ 'ਤੇ ਸੁਪਨੇ ਵਿਚ ਵੀ ਨਹੀਂ ਪੈ ਸਕੇਗਾ।"**

**ਪ੍ਰਸ਼ਨ -** 1. ਉਪਰੋਕਤ ਸ਼ਬਦ ਕਿਸ ਇਕਾਂਗੀ ਵਿਚੋਂ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਹਰਦੇਵ ਬਾਜਵਾ ਸ਼ਰਨਜੀਤ ਨੂੰ ਕਿਹੋ ਜਿਹੇ ਸਮਾਜ ਵਿਚ ਛੱਡ ਕੇ ਗਿਆ ਸੀ?

5. ਇਨ੍ਹਾਂ ਸਤਰਾਂ ਵਿਚ ਮਰਸੀ ਕੌਣ ਸੀ?

6. ਹਰਦੇਵ ਬਾਜਵਾ ਸ਼ਰਨਜੀਤ ਬਾਰੇ ਕੀ ਸੋਚਦਾ ਹੈ?

**ਉੱਤਰ -** 1. ਸਮੁੰਦਰੋਂ ਪਾਰ।

2. ਕਪੂਰ ਸਿੰਘ ਘੁੰਮਣ।

3. ਇਹ ਸ਼ਬਦ ਹਰਦੇਵ ਬਾਜਵਾ ਨੇ ਬਲਵੰਤ ਢਿੱਲੋਂ ਨੂੰ ਕਹੇ।

4. ਇਸਤਰੀ ਦਾ ਦਲੀਆ ਕਰਨ ਵਾਲ਼ੇ ਭਾਰਤੀ ਸਮਾਜ ਵਿੱਚ।

5. ਹਰਦੇਵ ਬਾਜਵਾ ਦੀ ਦੂਜੀ ਮੇਮ ਪਤਨੀ।

6. ਧਰਮ ਨੂੰ ਨਿਭਾਉਂਦੀ, ਮਿਲੀ ਜਿੰਦਗੀ ਗੁਜਾਰਣ ਵਾਲੀ ਅਤੇ ਇੰਗਲੈਂਡ ਨਾ ਪਹੁੰਚ ਸਕਣ ਵਾਲੀ।

**(13) "ਅਨਪੜ੍ਹ ਤੇ ਗਵਾਰ ਔਰਤਾਂ ਵੀ ਆਪਣੇ ਪਤੀਆਂ ਕੋਲ ਏਥੇ ਆ ਜਾਂਦੀਆਂ ਨੇ,ਸ਼ਰਨਜੀਤ ਤਾਂ ਚੰਗੀ ਪੜ੍ਹੀ-ਲਿਖੀ ਕੁੜੀ ਏ।"**

**ਪ੍ਰਸ਼ਨ -** 1. ਉਪਰੋਕਤ ਸ਼ਬਦ ਕਿਸ ਇਕਾਂਗੀ ਵਿਚੋਂ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਸ਼ਰਨਜੀਤ ਕਿਹੋ ਜਿਹੀ ਕੁੜੀ ਹੈ?

**ਉੱਤਰ -** 1. ਸਮੁੰਦਰੋਂ ਪਾਰ।

2. ਕਪੂਰ ਸਿੰਘ ਘੁੰਮਣ।

3. ਇਹ ਵਾਕ ਹਰਦੇਵ ਬਾਜਵਾ ਨੂੰ ਬਲਵੰਤ ਢਿੱਲੋਂ ਨੇ ਕਹੇ।

4. ਸ਼ਰਨਜੀਤ ਪੜ੍ਹੀ-ਲਿਖੀ ਕੁੜੀ ਹੈ।

**(14) "ਤੇਰੇ ਬਗ਼ੈਰ ਉਹ ਨਹੀਂ ਜੀ ਸਕਦੇ, ਉਨ੍ਹਾਂ ਦੇ ਨਾਲ਼ ਤੂੰ ਜਾ ਨਹੀਂ ਸਕਦਾ, ਮਸਲਾ ਨਿਹਾਇਤ ਗੁੰਝਲਦਾਰ ਏ।"**

**ਪ੍ਰਸ਼ਨ -** 1. ਉਪਰੋਕਤ ਸ਼ਬਦ ਕਿਸ ਇਕਾਂਗੀ ਵਿਚੋਂ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਨਿਹਾਇਤ ਗੁੰਝਲਦਾਰ ਮਸਲਾ ਕਿਹੜਾ ਹੈ?

**ਉੱਤਰ -** 1. ਸਮੁੰਦਰੋਂ ਪਾਰ।

2. ਕਪੂਰ ਸਿੰਘ ਘੁੰਮਣ।

3. ਇਹ ਵਾਕ ਹਰਦੇਵ ਬਾਜਵੇ ਨੂੰ ਬਲਵੰਤ ਢਿੱਲੋਂ ਨੇ ਕਹੇ।

4. ਹਰਦੇਵ ਬਾਜਵਾ ਦਾ ਸ਼ਰਨਜੀਤ ਨੂੰ ਨਾ ਅਪਣਾਉਣ ਦਾ ਤੇ ਉਸ ਦਾ ਆਪਣੇ ਪਤੀ ਬਿਨਾਂ ਨਾ ਰਹਿਣ ਦਾ।

**(15) "ਓ ਗੌਡ। ਹਮਰਾ ਸਾਥ ਕੈਸਾ ਸ਼ੇਮਫੁੱਲ ਢੋਕਾ ਹੂਆ। ਆਪ ਪੰਜਾਬੀ ਲੋਕ ਦਾ ਬਰਾਡਰੀ ਯਿਹ ਹੋਟਾ। ਆਪ ਔਰਤ ਕੋ ਘਰ ਮੇਂ ਭੀ ਐਸਾ ਡੀਸੀਵ ਕਰਟਾ ਔਰ ਦੂਸਰਾ ਮੁਲਕ ਮੇਂ ਜਾ ਕੇ ਭੀ ਡੀਸੀਵ ਕਰਟਾ ? ਸ਼ਰਮ ਕਾ ਬਾਟ, ਸ਼ੇਮ! ਸ਼ੇਮ।"**

**ਪ੍ਰਸ਼ਨ -** 1. ਉਪਰੋਕਤ ਸ਼ਬਦ ਕਿਸ ਇਕਾਂਗੀ ਵਿਚੋਂ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਮਰਸੀ ਆਪਣੇ ਨਾਲ਼ ਹੋਏ ਕਿਸ ਧੋਖੇ ਦੀ ਗੱਲ ਕਰਦੀ ਹੈ?

5. ਮਰਸੀ 'ਸ਼ਰਮ ਕਾ ਬਾਟ, ਸੇਮ! ਸ਼ੇਮ!' ਕਿਉਂ ਕਹਿੰਦੀ ਹੈ?

**ਉੱਤਰ -** 1. ਸਮੁੰਦਰੋਂ ਪਾਰ।

2. ਕਪੂਰ ਸਿੰਘ ਘੁੰਮਣ।

3. ਇਹ ਸ਼ਬਦ ਮਰਸੀ ਆਪਣੇ ਨਾਲ਼ ਹੋਏ ਧੋਖੇ ਕਰਕੇ ਪੰਜਾਬੀਆਂ ਲਈ ਕਹਿੰਦੀ ਹੈ।

4. ਹਰਦੇਵ ਨੇ ਆਪਣੀ ਪਹਿਲਾਂ ਵਾਲੀ ਪਤਨੀ ਦੇ ਹੁੰਦੇ ਝੂਠ ਬੋਲ ਕੇ ਉਸ ਨਾਲ਼ ਵਿਆਹ ਕਰਵਾ ਲਿਆ।

5. ਕਿਉਂਕਿ ਉਸ ਨਾਲ਼ ਧੋਖਾ ਹੋਇਆ ਹੈ।

**(16) "ਇਹ ਸੀ ਤੇਰੀ ਦੋਸਤੀ? ਮੇਰੀ ਨਿੱਕੀ ਜਿਹੀ ਗੱਲ ਵੀ ਤੂੰ ਰੱਖੀ ਨਾ?"**

**ਪ੍ਰਸ਼ਨ -** 1. ਉਪਰੋਕਤ ਸ਼ਬਦ ਕਿਸ ਇਕਾਂਗੀ ਵਿਚੋਂ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਇਹ ਸ਼ਬਦ ਕਦੋਂ ਕਹੇ?

**ਉੱਤਰ -** 1. ਸਮੁੰਦਰੋਂ ਪਾਰ।

2. ਕਪੂਰ ਸਿੰਘ ਘੁੰਮਣ।

3. ਇਹ ਸ਼ਬਦ ਹਰਦੇਵ ਬਾਜਵੇ ਨੇ ਬਲਵੰਤ ਢਿੱਲੋਂ ਨੂੰ ਕਹੇ।

4. ਜਦੋਂ ਹਰਦੇਵ ਬਾਜਵਾ ਆਪਣੇ ਘਰ ਆਏ ਬੈਠੇ ਆਪਣੇ ਭਰਾ ਨੂੰ ਵੇਖਦਾ ਹੈ।

**(17) ਨਹੀਂ! ਤੂੰ ਭੁਲੇਖੇ ਵਿੱਚ ਰਿਹਾ ਹੈਂ। ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ਼ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ। ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ।"**

**ਪ੍ਰਸ਼ਨ -** 1. ਇਹ ਵਾਰਤਾਲਾਪ ਕਿਹੜੇ ਇਕਾਂਗੀ ਦਾ ਹੈ?

2. ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਹੁੰਦੀਆਂ ਹਨ?

5. ਅਸ਼ੋਕ ਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਂਹਾਂ ਕਿਵੇਂ ਪੱਕੀਆਂ ਕੀਤੀਆਂ ਸਨ?

6. ਔਰੰਗਜ਼ੇਬ ਦੀ ਹਕੂਮਤ ਤੋਂ ਦੁਖੀ ਕਿਹੜੇ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ?

**ਉੱਤਰ -** 1. ਜ਼ਫ਼ਰਨਾਮਾ।

2. ਡਾ. ਹਰਚਰਨ ਸਿੰਘ।

3. ਅਵਾਜ਼ ਨੇ ਔਰੰਗਜ਼ੇਬ ਨੂੰ।

4. ਲੋਕਾਂ ਦੇ ਦਿਲ ਜਿੱਤਣ ਨਾਲ਼।

5. ਲੋਕਾਂ ਦੇ ਦਿਲ ਜਿੱਤ ਕੇ।

6. ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ ਅਤੇ ਕੁੱਲ ਹਿੰਦੂ ਜਾਤੀ ਦੇ ਲੋਕ।

**(17) "ਮੇਰਾ ਵੀ ਇਹੋ ਖ਼ਿਆਲ ਹੈ। ਖ਼ਾਸ ਕਾਸਦ ਨੂੰ ਭੇਜ ਕੇ ਗੁਰੂ ਨੂੰ ਸੁਲਾਹ-ਸਫ਼ਾਈ ਲਈ ਇੱਥੇ ਬੁਲਾਂਦਾ ਹਾਂ। ਉਹਨਾਂ ਦੀ ਹਿਫ਼ਾਜ਼ਤ ਦਾ ਖ਼ਾਤਰ-ਖ਼ਵਾਹ ਇੰਤਜ਼ਾਮ ਕਰਦਾ ਹਾਂ। ਜਾਓ, ਮੀਰ ਮੁਨਸ਼ੀ ਔਰ ਦਯਾ ਸਿੰਘ ਨੂੰ ਦਰਬਾਰੇ-ਖ਼ਾਸ ਵਿੱਚ ਹਾਜ਼ਰ ਕਰੋ। ਮੈਂ ਤਿਆਰ ਹੋ ਕੇ ਜਲਦੀ ਆਉਂਦਾ ਹਾਂ।"**

**ਪ੍ਰਸ਼ਨ -** 1. ਇਹ ਵਾਰਤਾਲਾਪ ਕਿਹੜੇ ਇਕਾਂਗੀ ਦਾ ਹੈ?

2. ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕੌਣ ਕਿਸ ਨੂੰ ਆਖਦਾ ਹੈ?

4. ਔਰੰਗਜ਼ੇਬ ਕਾਸਦ ਨੂੰ ਕਿਹੜਾ ਕੰਮ ਕਰਨ ਲਈ ਬੁਲਾਉਂਦਾ ਹੈ?

5. ਦਰਬਾਰੇ-ਖ਼ਾਸ ਵਿੱਚ ਕਿਨ੍ਹਾਂ ਨੂੰ ਹਾਜ਼ਰ ਹੋਣ ਲਈ ਕਿਹਾ ਗਿਆ ਹੈ?

**ਉੱਤਰ -** 1. ਜ਼ਫ਼ਰਨਾਮਾ।

2. ਡਾ. ਹਰਚਰਨ ਸਿੰਘ।

3. ਔਰੰਗਜ਼ੇਬ ਆਪਣੇ ਆਹਲਾ ਅਹਿਲਕਾਰ ਅਸਦ ਖ਼ਾਨ ਨੂੰ।

4. ਗੁਰੂ ਜੀ ਕੋਲ ਸੁਲਾਹ ਸਫ਼ਾਈ ਲਈ ਸੁਨੇਹਾ ਭੇਜਣ ਲਈ।

5. ਮੀਰ ਮੁਨਸ਼ੀ ਤੇ ਭਾਈ ਦਯਾ ਸਿੰਘ ਨੂੰ।

**(18) "ਬੇਸ਼ੱਕ ਮੈਂ ਉਸ ਦੇ ਬਾਪ ਤੇਗ਼ ਬਹਾਦਰ ਦੇ ਕਤਲ ਦਾ ਹੁਕਮ ਦਿੱਤਾ ਸੀ, ਮਗਰ ਉਹ ਮੁਲਕੀ ਮਾਮਲਾ ਸੀ ਪਰ ਵਜ਼ੀਰ ਖ਼ਾਨ ਨੇ ਮੇਰਾ ਨਾਂ ਬਦਨਾਮ ਕੀਤਾ ਹੈ ਔਰ ਇਸਲਾਮ ਦੀ ਤੌਹੀਨ ਕੀਤੀ ਹੈ। ਦੱਸ ਉਸ ਨੂੰ ਕਿਆ ਸਜ਼ਾ ਦਿੱਤੀ ਜਾਵੇ?"**

**ਪ੍ਰਸ਼ਨ -** 1. ਇਹ ਵਾਰਤਾਲਾਪ ਕਿਹੜੇ ਇਕਾਂਗੀ ਦਾ ਹੈ?

2. ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕੌਣ ਕਿਸ ਨੂੰ ਕਹਿੰਦਾ ਹੈ?

4. ਇਹਨਾਂ ਸਤਰਾਂ ਵਿਚਲੇ ਸ਼ਬਦ 'ਉਸ ਦੇ ਬਾਪ' ਕਿਸ ਸ਼ਖ਼ਸ਼ੀਅਤ ਵੱਲ ਇਸ਼ਾਰਾ ਕਰਦੇ ਹਨ?

5. ਵਜ਼ੀਰ ਖ਼ਾਨ ਨੇ ਔਰੰਗਜ਼ੇਬ ਦਾ ਨਾਂ ਕਿਵੇਂ ਬਦਨਾਮ ਕੀਤਾ?

**ਉੱਤਰ -** 1. ਜ਼ਫ਼ਰਨਾਮਾ।

2. ਡਾ. ਹਰਚਰਨ ਸਿੰਘ।

3. ਔਰੰਗਜ਼ੇਬ ਆਪਣੇ ਆਹਲਾ ਅਹਿਲਕਾਰ ਅਸਦ ਖਾਨ ਨੂੰ।

4. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵੱਲ।

5. ਕੁਰਾਨ ਸ਼ਰੀਫ਼ ਦੀਆਂ ਝੂਠੀਆਂ ਕਸਮਾਂ ਖਾ ਕੇ।

**(19) "ਸ਼ਾਹੀ ਮਹੱਲ ਵਿੱਚ ਨਾਚ? ਕਿਆ ਇਨ੍ਹਾਂ ਨੇ ਮੈਨੂੰ ਮੋਇਆ ਖ਼ਿਆਲ ਕਰ ਲਿਆ ਹੈ? ਬੰਦ ਕਰੋ ਇਹ ਨਾਚ ਔਰ ਸਾਜ਼।"**

**ਪ੍ਰਸ਼ਨ -** 1. ਇਹ ਵਾਰਤਾਲਾਪ ਕਿਹੜੇ ਇਕਾਂਗੀ ਦਾ ਹੈ?

2. ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕੌਣ ਕਿਸ ਨੂੰ ਕਹਿੰਦਾ ਹੈ?

4. ਸ਼ਾਹੀ ਮਹੱਲ ਵਿੱਚ ਨਾਚ ਦੇ ਕੌਣ ਖ਼ਿਲਾਫ਼ ਸੀ?

**ਉੱਤਰ -** 1. ਜ਼ਫ਼ਰਨਾਮਾ।

2. ਡਾ. ਹਰਚਰਨ ਸਿੰਘ।

3. ਔਰੰਗਜ਼ੇਬ ਆਪਣੇ ਆਪ ਨੂੰ।

4. ਬਾਦਸ਼ਾਹ ਔਰੰਗਜ਼ੇਬ।

**(20) "ਬੁੱਢੇ ਬਾਦਸ਼ਾਹ, ਭੁੱਲ ਗਿਆ ਹੈਂ? ਤੂੰ ਵੀ ਆਪਣੇ ਬਾਪ ਸ਼ਾਹ ਜਹਾਨ ਦੀ ਮੌਤ ਦੀ ਇੰਤਜ਼ਾਰ ਨਹੀਂ ਸੀ ਕੀਤੀ।"**

**ਪ੍ਰਸ਼ਨ -** 1. ਇਹ ਵਾਰਤਾਲਾਪ ਕਿਹੜੇ ਇਕਾਂਗੀ ਦਾ ਹੈ?

2. ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕੌਣ ਕਿਸ ਨੂੰ ਕਹਿੰਦਾ ਹੈ?

4. ਕਿਸ ਨੇ ਕਿਸ ਦੀ ਮੌਤ ਦੀ ਉਡੀਕ ਨਹੀਂ ਕੀਤੀ ਸੀ?

**ਉੱਤਰ -** 1. ਜ਼ਫ਼ਰਨਾਮਾ।

2. ਡਾ. ਹਰਚਰਨ ਸਿੰਘ।

3. ਅਵਾਜ਼ ਨੇ ਔਰੰਗਜ਼ੇਬ ਨੂੰ।

4. ਔਰੰਗਜ਼ੇਬ ਨੇ ਆਪਣੇ ਬਾਪ ਸ਼ਾਹ ਜਹਾਨ ਦੀ।

**(21) "ਮੇਰਾ ਤਾਂ ਕੋਈ ਨਹੀਂ ਕਰਦਾ ਜੀਅ, ਤੁਸੀਂ ਆਪਣੇ ਪੁੱਤਰ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੇ ਰਹਿੰਨੇ ਓਂ। ਪਰ, ਮਾਂ ਜੀ, ਮੈਂ ਮਗਰੋਂ ਨਹੀਂ ਲਹਿਣ ਵਾਲੀ ਐਡੀ ਸੌਖੀ। ਤੁਸੀਂ ਕਰੋ ਸਈ ਆਪਣੇ ਪੁੱਤ ਦਾ ਦੂਜਾ ਵਿਆਹ, ਮੈਂ ਤੁਹਾਡੇ ਦਰ 'ਤੇ ਸ਼ਹੀਦ ਹੋ ਕੇ ਨਾ ਮਰ ਜਾਵਾਂ।"**

**ਪ੍ਰਸ਼ਨ -** 1. ਇਹ ਸ਼ਬਦ ਕਿਸ ਨੇ,ਕਿਸ ਨੂੰ ਕਹੇ?

2. ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ?

3. ਸੱਸ ਵੱਲੋਂ ਦਿੱਤੇ ਡਰਾਵੇ ਦੇ ਸੰਬੰਧ ਵਿੱਚ ਮਨਜੀਤ ਕੀ ਆਖਦੀ ਹੈ?

**ਉੱਤਰ -** 1. ਇਹ ਸ਼ਬਦ ਮਨਜੀਤ ਨੇ ਆਪਣੀ ਸੱਸ ਨਿਹਾਲ ਕੌਰ ਨੂੰ ਕਹੇ।

2. ਆਪਣੇ ਪੁੱਤਰ ਸੁਖਦੇਵ ਦਾ ਦੂਜਾ ਵਿਆਹ ਕਰਨ ਦਾ ਡਰਾਵਾ ਦਿੰਦੀ ਹੈ।

3. ਮਨਜੀਤ ਆਪਣੀ ਸੱਸ ਦੇ ਦਰ 'ਤੇ ਸ਼ਹੀਦ ਹੋ ਕੇ ਮਰ ਜਾਣ ਦਾ ਕਹਿੰਦੀ ਹੈ।

**(22) "ਜਦੋਂ ਬਾਪੂ ਜੀ ਸਿਪਾਹੀ ਭਰਤੀ ਹੋਏ ਤਾਂ ਉਹਨਾਂ ਦਾ ਵਿਆਹ ਹੋਇਆ ਸੀ। ਸਰਦਾਰ ਬਣਨ ਵੇਲੇ ਤੱਕ ਇੱਕ ਮੁੰਡਾ ਤੇ ਇੱਕ ਕੁੜੀ, ਮੈਂ ਤੇ ਭੈਣ ਜੀ, ਹੀ ਪੈਦਾ ਹੋਏ ਤੇ ਬਾਪੂ ਜੀ ਨੇ ਸ਼ਾਇਦ ਫ਼ੌਜੀ ਨੁਕਤੇ ਤੋਂ ਐਨੀ ਕੁ ਸੰਤਾਨ ਨੂੰ ਕਾਫ਼ੀ ਨਾ ਸਮਝਿਆ ਤੇ ਦੂਜਾ ਵਿਆਹ ਕਰਵਾ ਲਿਆ।"**

**ਪ੍ਰਸ਼ਨ -** 1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?

2. ਬਾਪੂ ਜੀ ਦੇ ਸਰਦਾਰ ਬਣਨ 'ਤੇ ਪਰਿਵਾਰ ਵਿੱਚ ਕੀ ਵਾਧਾ ਹੋਇਆ?

3. ਬਾਪੂ ਜੀ ਦੇ ਦੂਜਾ ਵਿਆਹ ਕਰਵਾਉਣ ਪਿੱਛੇ ਉਹਨਾਂ ਦੀ ਕਿਹੜੀ ਸੋਚ ਕੰਮ ਕਰਦੀ ਸੀ?

**ਉੱਤਰ -** 1. ਸੁਖਦੇਵ ਨੇ ਆਪਣੀ ਪਤਨੀ ਮਨਜੀਤ ਨੂੰ ਕਹੇ।

2. ਪਰਿਵਾਰ ਵਿੱਚ ਇੱਕ ਮੁੰਡੇ ਅਤੇ ਇੱਕ ਕੁੜੀ ਦਾ ਜਨਮ ਹੋਇਆ।

3.ਫ਼ੌਜੀ ਨੁਕਤੇ ਤੋਂ ਦੋ ਬੱਚਿਆਂ ਨੂੰ ਉਹ ਘੱਟ ਸਮਝਦੇ ਸਨ।

**(23) "ਦੁਖੀ ਤਾਂ ਹੈ, ਪਰ ਗੱਲ ਕੀ ਐ? ਦੁਖੀ ਦਾ ਤਾਂ ਮੈਨੂੰ ਪਤਾ ਈ ਐ। ਜਗੀਰਦਾਰਾਂ ਦੇ ਘਰ ਧੀ ਨੂੰ ਵਿਆਹ ਕੇ ਤੂੰ ਸੁੱਖ ਦੀ ਆਸ ਰੱਖੀ ਹੋਣੀ ਐਂ?"**

**ਪ੍ਰਸ਼ਨ -** 1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?

2. ਗੁਰਦਿੱਤ ਸਿੰਘ ਨੂੰ ਕਿਸ ਗੱਲ ਦਾ ਪਤਾ ਹੈ?

3. ਗੁਰਦਿੱਤ ਸਿੰਘ ਅਨੁਸਾਰ ਉਸ ਦੀ ਧੀ ਦੇ ਦੁਖੀ ਹੋਣ ਦਾ ਕੀ ਕਾਰਨ ਹੈ?

**ਉੱਤਰ -** 1. ਗੁਰਦਿੱਤ ਸਿੰਘ ਨੇ ਆਪਣੀ ਪਤਨੀ ਨਿਹਾਲ ਕੌਰ ਨੂੰ ਕਹੇ।

2. ਇਹ ਕਿ ਉਸ ਦੀ ਧੀ ਸਹੁਰੇ ਘਰ ਸੁਖੀ ਨਹੀਂ ਹੈ।

3. ਆਪਣੀ ਧੀ ਦਾ ਜਗੀਰਦਾਰਾਂ ਦੇ ਘਰ ਵਿਆਹ ਕਰਨਾ।

**(24) "ਨੀ ਬਹੂ, ਮੈਨੂੰ ਮਾਫ਼ ਕਰੀਂ, ਮੈਂ ਤੇਰੇ ਨਾਲ਼ ਜਿਹੜੀਆਂ ਦੂਜੇ ਵਿਆਹ ਦੀਆਂ ਗੱਲਾਂ ਕੀਤੀਆਂ ਨੇ। ਮੈਂ ਭੁੱਲੀ! ਮੈਂ ਤਾਂ ਆਪ ਏਸ ਦੂਜੇ ਵਿਆਹ ਦਾ ਬਥੇਰਾ ਦੁੱਖ ਭੋਗ ਚੁੱਕੀ ਆਂ। ਮੇਰੀ ਧੀ 'ਤੇ ਇਹ ਹੋਣੀ ਕਿਹੜੇ ਪਾਪ ਦਾ ਫ਼ਲ ਹੋ ਕੇ ਬੀਤਦੀ ਐ? ਜਿਹੜੇ, ਬਹੂ, ਮੈਂ ਤੈਨੂੰ ਬੋਲ-ਕਬੋਲ ਕਹੇ ਨੇ, ਉਹਨਾਂ ਬੋਲਾਂ ਦੀ ਮੈਂ ਤੈਤੋਂ ਤੇ ਵਾਹਗੁਰੂ ਤੋਂ ਮਾਫ਼ੀ ਮੰਗਦੀ ਆਂ।"**

**ਪ੍ਰਸ਼ਨ -** 1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?

2. ਨਿਹਾਲ ਕੌਰ ਆਪਣੀ ਨੂੰਹ ਤੋਂ ਮਾਫ਼ੀ ਕਿਉਂ ਮੰਗਦੀ ਹੈ?

3. ਨਿਹਾਲ ਕੌਰ ਆਪਣੀ ਧੀ ਦੀ ਕਿਹੜੀ 'ਹੋਣੀ' ਦੀ ਗੱਲ ਕਰਦੀ ਹੈ?

**ਉੱਤਰ -** 1. ਇਹ ਸ਼ਬਦ ਨਿਹਾਲ ਕੌਰ ਨੇ ਆਪਣੀ ਨੂੰਹ ਮਨਜੀਤ ਨੂੰ ਕਹੇ।

2. ਨਿਹਾਲ ਕੌਰ ਮਨਜੀਤ ਨੂੰ ਬੋਲੇ ਬੋਲ-ਕਬੋਲਾਂ ਲਈ ਮਾਫ਼ੀ ਮੰਗਦੀ ਹੈ।

3. ਨਿਹਾਲ ਕੌਰ ਆਪਣੇ ਜਵਾਈ ਦੁਆਰਾ ਦੂਜਾ ਵਿਆਹ ਕਰਵਾਉਣ ਦੀ ਗੱਲ ਨੂੰ ਧੀ ਲਈ ਹੋਣੀ ਕਹਿੰਦੀ ਹੈ।

**ਪ੍ਰਸ਼ਨ 11. ਨਾਵਲ ਦੇ ਕੋਈ ਦੋ ਪਾਤਰ ਦੇ ਕੇ ਇੱਕ ਦੇ ਪਾਤਰ-ਚਿਤਰਨ ਲਈ ਲੋੜੀਂਦੀ ਸਮੱਗਰੀ। ਅੰਕ - 5**

# ਬੰਤੇ ਦਾ ਪਾਤਰ-ਚਿਤਰਨ

• **ਜਾਣ-ਪਛਾਣ** - ਬੰਤਾ ਨਾਵਲ 'ਇੱਕ ਹੋਰ ਨਵਾਂ ਸਾਲ' ਦਾ ਮੁੱਖ ਪਾਤਰ ਹੈ। ਉਹ ਆਪਣੇ ਪਰਿਵਾਰ ਨਾਲ਼ ਰਹਿੰਦਾ ਹੋਇਆ ਅੰਮ੍ਰਿਤਸਰ ਸ਼ਹਿਰ ਵਿੱਚ ਰਿਕਸ਼ਾ ਚਲਾਉਣ ਦਾ ਕੰਮ ਕਰਦਾ ਹੈ। ਉਸਦੇ ਪਰਿਵਾਰ ਵਿੱਚ ਉਸਦੀ ਪਤਨੀ ਤਾਰੋ ਤੋਂ ਇਲਾਵਾ ਦੋ ਕੁੜੀਆਂ ਅਤੇ ਇਕ ਮੁੰਡਾ ਫੁੰਮਣ ਹੈ। ਬੰਤੇ ਦੀ ਮਾਂ ਪਿੰਡ ਵਿਚ ਰਹਿੰਦੀ ਹੈ। ਉਸਦੇ ਪਿਤਾ ਦੀ ਕਰਜੇ ਦੇ ਸਦਮੇ ਕਾਰਨ ਮੌਤ ਹੋ ਗਈ ਸੀ, ਜਿਸ ਕਾਰਨ ਘਰ ਦੀ ਸਾਰੀ ਜਿੰਮੇਵਾਰੀ ਬੰਤੇ ਦੇ ਸਿਰ 'ਤੇ ਆ ਜਾਂਦੀ ਹੈ।

• **ਮਿਹਨਤੀ ਅਤੇ ਗ਼ਰੀਬ ਵਿਅਕਤੀ** - ਬੰਤਾ ਇੱਕ ਗ਼ਰੀਬ ਵਿਅਕਤੀ ਹੈ। ਉਹ ਘਰ ਦਾ ਖਰਚਾ ਚਲਾਉਣ ਲਈ ਸਾਰਾ ਦਿਨ ਮਿਹਨਤ ਨਾਲ਼ ਰਿਕਸ਼ਾ ਚਲਾਉਂਦਾ ਹੈ, ਪ੍ਰੰਤੂ ਫਿਰ ਵੀ ਉਸ ਕੋਲ ਨਵੇਂ ਕੱਪੜੇ ਲੈਣ ਲਈ ਪੈਸਿਆਂ ਦੀ ਕਮੀਂ ਰਹਿੰਦੀ ਹੈ। ਉਹ ਆਪਣੇ ਪੁਰਾਣੇ ਕੋਟ ਨੂੰ ਟਾਕੀਆਂ ਲਾ ਕੇ ਹੀ ਸਮਾਂ ਲੰਘਾ ਰਿਹਾ ਹੈ।

• **ਅਣਖੀਲਾ ਆਦਮੀ** - ਬੰਤਾ ਭਾਵੇਂ ਗ਼ਰੀਬ ਹੈ ਪਰ ਇਕ ਅਣਖੀਲਾ ਵਿਅਕਤੀ ਹੈ। ਉਹ ਕਿਸੇ ਦਾ ਰੋਹਬ ਨਹੀਂ ਸਹਿਣ ਕਰਦਾ। ਇਸ ਕਰਕੇ ਹੀ ਉਸਦੀ ਪਿੰਡ ਵਿੱਚ ਸਰਦਾਰਾਂ ਦੇ ਮੁੰਡਿਆਂ ਨਾਲ਼ ਲੜਾਈ ਹੁੰਦੀ ਹੈ। ਅਣਖੀ ਆਦਮੀ ਹੋਣ ਕਰਕੇ ਹੀ ਉਹ ਚਪੜਾਸੀ ਦੀ ਨੌਕਰੀ ਵੀ ਛੱਡ ਦਿੰਦਾ ਹੈ।

• **ਕਰਜ਼ੇ ਵਿੱਚ ਡੁੱਬਿਆ ਹੋਇਆ** - ਬੰਤਾ ਕਰਜੇ ਦੇ ਥੱਲੇ ਦੱਬਿਆ ਹੋਇਆ ਹੈ। ਉਸਦਾ ਬਾਪ ਵੀ ਉਸਦੇ ਸਿਰ ਕਰਜਾ ਛੱਡ ਕੇ ਮਰਿਆ ਸੀ। ਬੰਤੇ ਨੇ ਆਪਣੀਆਂ ਭੈਣਾਂ ਦੇ ਵਿਆਹ ਲਈ ਵੀ ਕਰਜਾ ਚੁੱਕਿਆ ਹੋਇਆ ਸੀ।

• **ਪੜ੍ਹਨ ਦਾ ਸ਼ੌਕੀਨ** - ਬੰਤੇ ਨੂੰ ਪੜ੍ਹਨ ਦਾ ਬਹੁਤ ਸ਼ੌਕ ਹੈ। ਘਰੇਲੂ ਮਜਬੂਰੀਆਂ ਦੇ ਕਾਰਨ ਉਸਨੂੰ ਆਪਣੀ ਪੜ੍ਹਾਈ ਛੱਡਣੀ ਪੈਂਦੀ ਹੈ। ਉਹ ਅਖ਼ਬਾਰ ਵੀ ਪੜ੍ਹ ਲੈਂਦਾ ਹੈ। ਉਹ ਆਪਣੇ ਆਪ ਨੂੰ ਚੌਥੀ ਪਾਸ ਨਾਲ਼ੋਂ ਪੰਜਵੀਂ ਫੇਲ੍ਹ ਅਖਵਾਉਣਾ ਪਸੰਦ ਕਰਦਾ ਹੈ।

• **ਕੁੜੀ-ਮੁੰਡੇ ਵਿੱਚ ਫ਼ਰਕ ਨਾ ਕਰਨ ਵਾਲ਼ਾ** - ਬੰਤਾ ਆਪਣੇ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਹੈ। ਉਹ ਆਪਣੀਆਂ ਦੋਨੋਂ ਕੁੜੀਆਂ ਨੂੰ ਵੀ ਮੁੰਡੇ ਫੁੰਮਣ ਵਾਂਗ ਪਿਆਰ ਕਰਦਾ ਹੈ ਅਤੇ ਉਹਨਾਂ ਨੂੰ ਵੀ ਮੁੰਡੇ ਫੁੰਮਣ ਵਾਂਗ ਪੜ੍ਹਾਉਣ ਦੀ ਇੱਛਾ ਰੱਖਦਾ ਹੈ।

• **ਪਤਨੀ ਨੂੰ ਪਿਆਰ ਕਰਨ ਵਾਲ਼ਾ** - ਬੰਤਾ ਆਪਣੀ ਪਤਨੀ ਤਾਰੋ ਨੂੰ ਵੀ ਬਹੁਤ ਪਿਆਰ ਕਰਦਾ ਹੈ। ਉਹ ਉਸਨੂੰ ਹਮੇਸ਼ਾ ਖੁਸ਼ ਦੇਖਣਾ ਚਹੁੰਦਾ ਹੈ। ਉਸਨੂੰ ਇਕ ਗੱਲ ਦਾ ਦੁੱਖ ਹੈ ਕਿ ਘਰ ਦੀ ਗ਼ਰੀਬੀ ਕਾਰਨ ਤਾਰੋ ਨੂੰ ਲੋਕਾਂ ਦੇ ਘਰਾਂ ਵਿੱਚ ਕੰਮ ਕਰਨਾ ਪੈਂਦਾ ਹੈ। ਬੰਤਾ ਆਪਣੀ ਕਮਾਈ ਵਿੱਚੋਂ ਆਪਣੇ ਲਈ ਘਿਉ ਲਿਆਉਣ ਦੀ ਥਾਂ ਤਾਰੋ ਲਈ ਦਵਾਈਆਂ ਲਿਆਉਣੀਆਂ ਚਾਹੁੰਦਾ ਹੈ।

• **ਦੇਸ਼-ਭਗਤੀ ਦੇ ਭਾਵ ਵਾਲ਼ਾ** - ਬੰਤਾ ਦੇਸ਼ ਭਗਤਾਂ ਦਾ ਬਹੁਤ ਸਤਿਕਾਰ ਕਰਦਾ ਹੈ। ਉਹ ਜਲ੍ਹਿਆਂ ਵਾਲ਼ੇ ਬਾਗ਼ ਦੇ ਖ਼ੂਨੀ ਕਾਂਡ ਬਾਰੇ ਸੋਚ ਕੇ ਦੁਖੀ ਹੁੰਦਾ ਹੈ। ਉਹ ਆਪਣੇ ਰਿਕਸ਼ੇ ਵਿੱਚ ਸਵਾਰ ਇਕ ਦੇਸ਼-ਭਗਤ ਦੇ ਪੁੱਤਰ ਤੋਂ ਕਿਰਾਇਆ ਨਹੀਂ ਲੈਂਦਾ।

• **ਧਾਰਮਿਕ ਬਿਰਤੀ ਵਾਲ਼ਾ** - ਬੰਤਾ ਧਰਮ ਵਿੱਚ ਸ਼ਰਧਾ ਰੱਖਣ ਵਾਲ਼ਾ ਵਿਅਕਤੀ ਹੈ। ਉਹ ਆਪਣੀ ਮਾਂ ਤੇ ਪਤਨੀ ਨੂੰ ਗੁਰਦੁਆਰਾ ਛੇਹਰਟਾ ਸਾਹਿਬ ਲੈ ਕੇ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਹੋਣ ਕਰਕੇ ਉਹ ਆਪ ਵੀ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕਣਾ ਚਾਹੁੰਦਾ ਹੈ।

• **ਘਰੇਲੂ ਕਲੇਸ਼ ਤੋਂ ਦੁਖੀ** - ਜਦ ਘਰ ਵਿੱਚ ਤਾਰੋ ਅਤੇ ਬੰਤੇ ਦੀ ਮਾਂ ਆਪਸ ਵਿੱਚ ਲੜਦੀਆਂ ਰਹਿੰਦੀਆਂ ਹਨ ਤਾਂ ਬੰਤਾ ਇਸ ਘਰੇਲੂ ਕਲੇਸ਼ ਤੋਂ ਬਹੁਤ ਦੁਖੀ ਹੁੰਦਾ ਹੈ। ਉਹ ਆਪਣੀ ਪਤਨੀ ਤਾਰੋ ਨੂੰ ਲੜਾਈ ਕਰਨ ਤੋਂ ਰੋਕਦਾ ਹੈ।

• **ਮਾਂ ਦਾ ਖਿਆਲ ਰੱਖਣ ਵਾਲ਼ਾ** - ਬੰਤਾ ਆਪਣੀ ਮਾਂ ਦਾ ਵੀ ਬਹੁਤ ਖਿਆਲ ਰੱਖਦਾ ਹੈ। ਉਸਦੀ ਮਾਂ ਪਿੰਡ ਰਹਿੰਦੀ ਹੈ, ਜਿਸਨੂੰ ਬੰਤਾ ਮਹੀਨੇ ਦੋ ਮਹੀਨਿਆਂ ਬਾਅਦ ਮਿਲ਼ਣ ਜਾਂਦਾ ਹੈ ਅਤੇ ਉਸਨੂੰ ਪੈਸੇ ਵੀ ਦੇ ਕੇ ਆਉਂਦਾ ਹੈ।

• **ਗਾਉਣ ਦਾ ਸ਼ੌਕੀਨ** - ਬੰਤਾ ਗਾਉਣ ਦਾ ਵੀ ਸ਼ੌਕੀਨ ਹੈ। ਉਹ ਆਪਣੇ ਦੋਸਤ ਦਿਆਲੇ ਨੂੰ ਕੰਨ ਉੱਤੇ ਹੱਥ ਰੱਖ ਕੇ ਹੀਰ ਗਾ ਕੇ ਸੁਣਾਉਂਦਾ ਹੈ।

• **ਏਕਤਾ ਵਿੱਚ ਵਿਸ਼ਵਾਸ ਰੱਖਣ ਵਾਲ਼ਾ** - ਬੰਤਾ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਕਿ ਏਕਤਾ ਬਿਨਾਂ ਉਹਨਾਂ ਦੀ ਹਾਲਤ ਦਾ ਸੁਧਾਰ ਨਹੀਂ ਹੋ ਸਕਦਾ। ਇਸ ਲਈ ਉਹ ਆਪਣੇ ਮਿੱਤਰ ਦਿਆਲੇ ਨੂੰ ਕਹਿੰਦਾ ਹੈ ਕਿ ਜੇਕਰ ਉਹਨਾਂ ਦੀਆਂ ਯੂਨੀਅਨਾਂ ਇਕ ਹੋ ਜਾਣ ਤਾਂ ਸਭ ਠੀਕ ਹੋ ਜਾਵੇ।

• **ਆਸਾਵਾਦੀ** - ਬੰਤਾ ਇਕ ਆਸ਼ਾਵਾਦੀ ਸੋਚ ਵਾਲ਼ਾ ਇਨਸਾਨ ਹੈ। ਉਸਨੂੰ ਆਸ ਹੈ ਕਿ ਉਸਦਾ ਪੁੱਤਰ ਫੁੱਮਣ ਪੜ੍ਹ-ਲਿਖ ਕੇ ਇਕ ਵੱਡਾ ਅਫ਼ਸਰ ਬਣੇਗਾ ਜੋ ਉਸਦੇ ਘਰ ਦੀ ਗ਼ਰੀਬੀ ਨੂੰ ਦੂਰ ਕਰ ਦੇਵੇਗਾ।

• **ਦੂਸਰਿਆਂ ਦੀ ਮੱਦਦ ਕਰਨ ਵਾਲ਼ਾ** - ਬੰਤਾ ਮੁਸੀਬਤ ਵੇਲੇ ਦੂਸਰਿਆਂ ਦੀ ਮਦਦ ਕਰਨ ਵਾਲ਼ਾ ਇਨਸਾਨ ਹੈ। ਉਸਨੇ ਇਕ ਵਾਰ ਹਸਪਤਾਲ ਵਿੱਚ ਇਕ ਔਰਤ ਨੂੰ ਬਿਨਾਂ ਕਿਸੇ ਲੋਭ ਲਾਲਚ ਦੇ ਖ਼ੂਨ ਦੇ ਕੇ ਜਾਨ ਬਚਾਈ ਸੀ।

• **ਹੱਸ-ਮੁੱਖ ਸੁਭਾਅ ਨੂੰ ਪਸੰਦ ਕਰਨ ਵਾਲ਼ਾ** - ਬੰਤਾ ਹੱਸ-ਮੁੱਖ ਇਨਸਾਨ ਨੂੰ ਵੇਖ ਕੇ ਬਹੁਤ ਖੁਸ਼ ਹੁੰਦਾ ਹੈ। ਉਹ ਆਪਣੀ ਪਤਨੀ ਤਾਰੋ ਨੂੰ ਖੁਸ਼ ਵੇਖ ਕਹਿੰਦਾ ਕਿ ਉਸਦੀ ਰੂਹ ਖੁਸ਼ ਹੋ ਜਾਂਦੀ ਹੈ।

## ਤਾਰੋ ਦਾ ਪਾਤਰ-ਚਿਤਰਨ

• **ਜਾਣ-ਪਛਾਣ** - ਤਾਰੋ ਨਾਵਲ 'ਇੱਕ ਹੋਰ ਨਵਾਂ ਸਾਲ' ਦੀ ਇਕ ਮਹੱਤਵਪੂਰਨ ਪਾਤਰ ਹੈ। ਉਹ ਨਾਵਲ ਦੇ ਨਾਇਕ ਬੰਤੇ ਦੀ ਪਤਨੀ

ਹੈ। ਉਸਦੇ ਦੋ ਕੁੜੀਆਂ ਅਤੇ ਇਕ ਮੁੰਡਾ ਫੁੰਮਣ ਹੈ। ਤਾਰੋ ਕੱਚੀ-ਪੱਕੀ ਪੜ੍ਹੀ ਹੋਈ ਹੈ। ਉਸਦਾ ਰੰਗ ਸਾਂਵਲਾ ਅਤੇ ਨੈਣ ਨਕਸ਼ ਤਿੱਖੇ ਹਨ।

• **ਇੱਕ ਸਧਾਰਨ ਔਰਤ** - ਤਾਰੋ ਇਕ ਸਧਾਰਨ ਕਿਸਮ ਦੀ ਔਰਤ ਹੈ। ਘਰ ਵਿਚ ਰਹਿਣ ਕਾਰਨ ਉਸਦਾ ਵਾਹ ਜਿਆਦਾ ਲੋਕਾਂ ਨਾਲ਼ ਨਹੀ ਪੈਂਦਾ। ਉਹ ਬੰਤੇ ਦੀਆਂ ਨਵੇਂ ਸਾਲ ਅਤੇ ਬੈਂਡ-ਟੀ ਵਰਗੀਆਂ ਗੱਲਾਂ ਨੂੰ ਨਹੀਂ ਸਮਝਦੀ।

• **ਧੀਆਂ ਨੂੰ ਪੁੱਤਰਾਂ ਵਾਂਗ ਪਿਆਰ ਕਰਨ ਵਾਲੀ** - ਤਾਰੋ ਆਪਣੀਆਂ ਧੀਆਂ ਨੂੰ ਵੀ ਪੁੱਤਰ ਫੁੰਮਣ ਵਾਂਗ ਹੀ ਪਿਆਰ ਕਰਦੀ ਹੈ। ਇਸ ਲਈ ਜਦੋਂ ਬੰਤਾ ਫੁੰਮਣ ਨੂੰ ਰਿਕਸ਼ੇ ਵਿਚ ਬੈਠਾ ਕੇ ਝੂਟੇ ਦਿੰਦਾ ਹੈ, ਤਾਂ ਉਹ ਕੁੜੀਆਂ ਨੂੰ ਵੀ ਝੂਟੇ ਦੇਣ ਲਈ ਕਹਿੰਦੀ ਹੈ।

• **ਪਤੀ ਦੀ ਸੇਵਾ ਕਰਨ ਵਾਲੀ** - ਤਾਰੋ ਆਪਣੇ ਪਤੀ ਦੀ ਸੇਵਾ ਕਰਨ ਵਾਲੀ ਔਰਤ ਹੈ। ਬੰਤਾ ਜਦ ਸਾਰਾ ਦਿਨ ਰਿਕਸ਼ਾ ਚਲਾ ਕੇ ਘਰ ਆਉਦਾ ਹੈ, ਤਾਂ ਤਾਰੋ ਉਸ ਦੀਆਂ ਲੱਤਾਂ ਘੁਟਦੀ ਹੈ। ਉਹ ਬੰਤੇ ਨੂੰ ਆਪਣੇ ਲਈ ਘਿਓ ਲਿਆਉਣ ਲਈ ਵੀ ਕਹਿੰਦੀ ਹੈ।

• **ਮਿਹਨਤੀ ਅਤੇ ਜਿੰਮੇਵਾਰ ਔਰਤ** - ਤਾਰੋ ਇਕ ਮਿਹਨਤੀ ਔਰਤ ਹੈ। ਉਹ ਘਰ ਨੂੰ ਪੂਰੀ ਜਿੰਮੇਵਾਰੀ ਨਾਲ਼ ਸੰਭਾਲਦੀ ਹੈ। ਘਰ ਦੇ ਗੁਜ਼ਾਰੇ ਲਈ ਉਹ ਇਕ ਮਾਸਟਰ ਦੇ ਘਰ ਕੰਮ ਵੀ ਕਰਨ ਜਾਂਦੀ ਹੈ।

• **ਆਪਣੀ ਸੱਸ ਨਾਲ਼ ਲੜਾਈ ਝਗੜਾ ਕਰਨ ਵਾਲੀ** - ਤਾਰੋ ਦੀ ਆਪਣੀ ਸੱਸ ਨਾਲ਼ ਘਰ ਵਿਚ ਲੜਾਈ ਰਹਿੰਦੀ ਹੈ। ਉਹ ਦੋਵੇਂ ਪੈਸਿਆਂ ਦੇ ਕਾਰਨ ਆਪਸ ਵਿਚ ਲੜਦੀਆਂ ਰਹਿੰਦੀਆਂ ਹਨ। ਇਸ ਕਲੇਸ਼ ਤੋਂ ਤੰਗ ਆ ਕੇ ਉਸਦੀ ਸੱਸ ਪਿੰਡ ਜਾ ਕੇ ਰਹਿਣ ਲੱਗ ਜਾਂਦੀ ਹੈ।

• **ਘਰ ਦੀ ਗ਼ਰੀਬੀ ਤੋਂ ਪ੍ਰੇਸ਼ਾਨ** - ਤਾਰੋ ਘਰ ਦੀ ਗ਼ਰੀਬੀ ਕਾਰਨ ਪ੍ਰੇਸ਼ਾਨ ਰਹਿੰਦੀ ਹੈ। ਉਸਨੂੰ ਬੰਤੇ ਦੇ ਸਿਰ ਚੜੇ ਕਰਜ਼ੇ ਦਾ ਵੀ ਫ਼ਿਕਰ ਰਹਿੰਦਾ ਹੈ। ਕਰਜ਼ੇ ਦੇ ਕਾਰਨ ਉਸ ਦੀ ਆਪਣੇ ਪਤੀ ਬੰਤੇ ਨਾਲ਼ ਕਈ ਵਾਰ ਲੜਾਈ ਵੀ ਹੋ ਜਾਂਦੀ ਹੈ।

• **ਬਿਮਾਰੀ ਦੀ ਸ਼ਿਕਾਰ** -ਤਾਰੋ ਜਦ ਵਿਆਹੀ ਆਈ ਸੀ ਤਾਂ ਉਹ ਬਹੁਤ ਸੁੰਦਰ ਤੇ ਤੰਦਰੁਸਤ ਸੀ, ਪ੍ਰੰਤੂ ਫੁੰਮਣ ਦੇ ਜਨਮ ਤੋਂ ਬਾਅਦ ਉਹ ਬਿਮਾਰ ਰਹਿਣ ਲੱਗ ਪਈ। ਬੰਤੇ ਨੂੰ ਉਸਦੀ ਸਿਹਤ ਦੀ ਬਹੁਤ ਚਿੰਤਾ ਰਹਿੰਦੀ ਹੈ। ਇਸ ਲਈ ਉਹ ਆਪਣੇ ਲਈ ਘਿਓ ਲਿਆਉਣ ਦੀ ਥਾਂ ਤਾਰੋ ਲਈ ਟੀਕੇ ਅਤੇ ਦਵਾਈਆਂ ਲਿਆਉਣੀਆਂ ਚਾਹੁੰਦਾ ਹੈ।

• **ਮਾਨਸਿਕ ਤੌਰ 'ਤੇ ਦੁਖੀ ਔਰਤ** - ਤਾਰੋ ਬੰਤੇ ਦੀਆਂ ਗੱਲਾਂ ਨੂੰ ਮਨ 'ਤੇ ਲਾ ਲੈਂਦੀ ਹੈ। ਇਕ ਵਾਰ ਬੰਤੇ ਨੇ ਉਸਦੇ ਦੋ ਧੱਫੇ ਮਾਰ ਦਿੱਤੇ ਸਨ, ਉਸ ਦਿਨ ਤੋਂ ਬਾਅਦ ਉਸਨੇ ਤਾਰੋ ਨੂੰ ਕਦੇ ਮਨ ਤੋਂ ਖੁਸ਼ ਨਹੀਂ ਵੇਖਿਆ। ਤਾਰੋ ਦੀ ਸੱਸ ਨੇ ਤਾਰੋ ਦਾ ਸਮਾਨ ਆਪਣੀਆਂ ਧੀਆਂ ਨੂੰ ਦਾਜ ਵਿੱਚ ਦੇ ਦਿੱਤਾ, ਜਿਸ ਕਰਕੇ ਵੀ ਉਹ ਮਾਨਸਿਕ ਤੌਰ 'ਤੇ ਦੁਖੀ ਹੈ।

## ਫੁੰਮਣ ਦਾ ਪਾਤਰ-ਚਿਤਰਨ

• **ਜਾਣ-ਪਛਾਣ** - ਫੁੰਮਣ 'ਇੱਕ ਹੋਰ ਨਵਾਂ ਸਾਲ' ਨਾਵਲ ਦਾ ਇਕ ਗੌਣ ਪਾਤਰ ਹੈ। ਉਹ ਨਾਵਲ ਦੇ ਨਾਇਕ ਬੰਤੇ ਦਾ ਪੁੱਤਰ ਹੈ। ਉਸਦੀ ਮਾਂ ਦਾ ਨਾਂ ਤਾਰੋ ਹੈ। ਫੁੰਮਣ ਦੋ ਭੈਣਾਂ ਦਾ ਇਕੱਲਾ ਭਰਾ ਹੈ। ਉਹ ਤੀਜੀ ਜਮਾਤ ਵਿਚ ਪੜ੍ਹਦਾ ਹੈ।

• **ਮਾਂ-ਬਾਪ ਦੀਆਂ ਆਸਾਂ ਦਾ ਕੇਂਦਰ** - ਫੁੰਮਣ ਆਪਣੇ ਮਾਪਿਆਂ ਦੀਆਂ ਆਸਾਂ ਦਾ ਕੇਂਦਰ ਹੈ। ਬੰਤੇ ਨੂੰ ਫੁੰਮਣ ਤੋਂ ਬਹੁਤ ਉਮੀਦਾਂ ਹਨ। ਬੰਤਾ ਸੋਚਦਾ ਹੈ ਕਿ ਫੰਮਣ ਪੜ੍ਹ-ਲਿਖ ਕੇ ਇਕ ਵੱਡਾ ਅਫ਼ਸਰ ਬਣੇਗਾ, ਜੋ ਉਸਦੇ ਘਰ ਦੀ ਸਾਰੀ ਗ਼ਰੀਬੀ ਦੂਰ ਕਰ ਦੇਵੇਗਾ।

• **ਪੜ੍ਹਨ ਦਾ ਸ਼ੌਕੀਨ** - ਫੁੰਮਣ ਨੂੰ ਪੜ੍ਹਨ ਵਿੱਚ ਬਹੁਤ ਰੁਚੀ ਹੈ। ਬੰਤਾ ਵੀ ਇਹੀ ਸੋਚਦਾ ਹੈ ਕਿ ਫੁੰਮਣ ਪੜ੍ਹ-ਲਿਖ ਕੇ ਇਕ ਵੱਡਾ ਅਫ਼ਸਰ ਬਣੇਗਾ। ਜਦ ਬੰਤਾ ਦੁਪਹਿਰ ਵੇਲੇ ਰਿਕਸ਼ਾ ਲੈ ਕੇ ਘਰ ਆਉਂਦਾ ਹੈ, ਤਾਂ ਫੁੰਮਣ ਉਸ ਤੋਂ ਆਪਣਾ ਦੇਸ਼ ਪਾਠ ਪੜ੍ਹਦਾ ਹੈ ਅਤੇ ਉਸਦੇ ਅਰਥ ਵੀ ਪੁੱਛਦਾ ਹੈ।

• **ਜਗਿਆਸੂ ਰੁਚੀਆਂ ਵਾਲ਼ਾ** - ਫੁੰਮਣ ਇਕ ਜਗਿਆਸੂ ਲੜਕਾ ਹੈ। ਜਦ ਉਹ ਬੰਤੇ ਤੋਂ ਆਪਣੇ ਦੇਸ਼ ਪਾਠ ਵਿੱਚ ਆਏ ਸ਼ਬਦਾਂ ਦੇ ਅਰਥ ਪੁੱਛਦਾ ਹੈ, ਤਾਂ ਉਸਦੀ ਜਗਿਆਸੂ ਰੁਚੀ ਦਾ ਪਤਾ ਲੱਗਦਾ ਹੈ। ਕਈ ਵਾਰ ਬੰਤੇ ਨੂੰ ਵੀ ਉਸਦੇ ਸਵਾਲਾਂ ਦੇ ਜਵਾਬ ਨਹੀਂ ਆਉਂਦੇ।

• **ਹਾਜ਼ਰ-ਜਵਾਬ** - ਫੁੰਮਣ ਬਹੁਤ ਹਾਜ਼ਰ-ਜਵਾਬ ਹੈ। ਉਹ ਬੰਤੇ ਨੂੰ ਉਸਦੀਆਂ ਗੱਲਾਂ ਦੇ ਤੁਰੰਤ ਜਵਾਬ ਦੇ ਦਿੰਦਾ ਹੈ। ਬੰਤਾ ਜਦ ਉਸਨੂੰ ਗੱਲਾਂ ਵਿੱਚ ਲਾ ਕੇ ਬਾਤ ਸੁਣਾਉਣ ਤੋਂ ਟਲਦਾ ਹੈ, ਤਾਂ ਫੁੰਮਣ ਉਸ ਦੀਆਂ ਗੱਲਾਂ ਵਿੱਚ ਨਹੀਂ ਆਉਂਦਾ ਤੇ ਹੋਰ ਸਵਾਲ ਪਾ ਦਿੰਦਾ ਹੈ।

• **ਬਾਤਾਂ ਸੁਣਨ ਦਾ ਸ਼ੌਕੀਨ** - ਫੁੰਮਣ ਨੂੰ ਬਾਤਾਂ ਸੁਣਨ ਦਾ ਬਹੁਤ ਸ਼ੌਕ ਹੈ। ਉਹ ਬੰਤੇ ਤੋਂ ਬਾਤਾਂ ਸੁਣਨ ਲਈ ਦੇਰ ਰਾਤ ਤੱਕ ਜਾਗਦਾ ਰਹਿੰਦਾ ਹੈ।

• **ਮਾਪਿਆਂ ਦਾ ਪਿਆਰਾ ਪੁੱਤਰ** - ਫੁੰਮਣ ਆਪਣੇ ਮਾਪਿਆਂ ਦਾ ਪਿਆਰਾ ਪੁੱਤਰ ਹੈ। ਉਹ ਦੋ ਭੈਣਾਂ ਦਾ ਇਕੱਲਾ ਭਰਾ ਹੈ। ਤਾਰੋ ਅਤੇ ਬੰਤਾ ਉਸਨੂੰ ਬਹੁਤ ਪਿਆਰ ਕਰਦੇ ਹਨ। ਬੰਤਾ ਉਸਨੂੰ ਆਪਣੇ ਰਿਕਸ਼ੇ ਵਿੱਚ ਬੈਠਾ ਕੇ ਸ਼ੈਰ ਕਰਵਾਉਂਦਾ ਹੈ ਅਤੇ ਉਸਨੂੰ ਇਕ ਵੱਡਾ ਅਫ਼ਸਰ ਬਣਾਉਣਾ ਚਾਹੁੰਦਾ ਹੈ।

• **ਮਾਪਿਆਂ ਨੂੰ ਪਿਆਰ ਕਰਨ ਵਾਲ਼ਾ** - ਫੁੰਮਣ ਵੀ ਆਪਣੇ ਮਾਪਿਆਂ ਨੂੰ ਬਹੁਤ ਪਿਆਰ ਕਰਦਾ ਹੈ। ਇਕ ਵਾਰ ਜਦ ਬੰਤਾ ਉਸਦੀ ਮਾਂ ਤਾਰੋ ਨੂੰ ਮਾਰਨ ਲੱਗਦਾ ਹੈ ਤਾਂ ਉਹ ਰੋਣ ਲੱਗ ਜਾਂਦਾ ਹੈ। ਜਦ ਬੰਤਾ ਦੁਪਹਿਰ ਵੇਲੇ ਰਿਕਸ਼ਾ ਲੈ ਕੇ ਘਰ ਆਉਂਦਾ ਹੈ ਤਾਂ ਉਹ ਭੱਜ ਕੇ ਗੇਟ ਖੋਲਦਾ ਹੈ।

## ਦਿਆਲੇ ਦਾ ਪਾਤਰ-ਚਿਤਰਨ

• **ਜਾਣ-ਪਛਾਣ** - ਦਿਆਲਾ 'ਇੱਕ ਹੋਰ ਨਵਾਂ ਸਾਲ' ਨਾਵਲ ਦਾ ਇਕ ਗੌਣ ਪਾਤਰ ਹੈ। ਉਹ ਬੰਤੇ ਦਾ ਦੋਸਤ ਹੈ। ਉਹ ਵਿਆਹਿਆ ਹੋਇਆ ਸੀ ਪਰ ਉਸ ਦੀ ਪਤਨੀ ਰੁੱਸ ਕੇ ਪੇਕੇ ਗਈ ਹੋਈ ਹੈ।

• **ਪਤਨੀ ਨਾਲ਼ ਬੁਰਾ ਸਲੂਕ ਕਰਨ ਵਾਲ਼ਾ** - ਦਿਆਲਾ ਆਪਣੀ ਪਤਨੀ ਨਾਲ਼ ਬੁਰਾ ਸਲੂਕ ਕਰਾ ਹੈ, ਜਿਸ ਕਾਰਨ ਉਸ ਦੀ ਪਤਨੀ ਰੁੱਸ ਕੇ ਪੇਕੇ ਗਈ ਹੋਈ ਹੈ।

• **ਇਕੱਲਾ ਰਹਿ ਕੇ ਖੁਸ਼** - ਦਿਆਲਾ ਇਕੱਲਾ ਰਹਿ ਕੇ ਖੁਸ਼ ਹੈ। ਜਦੋਂ ਬੰਤਾ ਪੁੱਛਦਾ ਹੈ ਕਿ ਉਸ ਨੇ ਆਪਣੀ ਪਤਨੀ ਨੂੰ ਪੇਕਿਆਂ ਤੋਂ ਕਦੋਂ ਲਿਆਉਣਾ ਹੈ, ਤਾਂ ਉਹ ਆਪਣੇ ਵਧੀਆ ਦਿਨ ਲੰਘਣ ਬਾਰੇ ਕਹਿੰਦਾ ਹੈ।

• **ਅਸੰਵੇਦਨਸ਼ੀਲ ਵਿਅਕਤੀ** - ਉਹ ਆਪਣੀ ਪਤਨੀ ਨੂੰ ਕੁੱਟਣ ਮਗਰੋਂ ਬੰਤੇ ਵਾਂਗ ਬੇਚੈਨ ਨਹੀਂ ਹੁੰਦਾ। ਉਹ ਬੰਤੇ ਨੂੰ ਤਾਰੋ ਦੇ ਧੱਫੇ ਮਾਰਨ ਪਿੱਛੋਂ ਬੇਚੈਨ ਤੇ ਉਦਾਸ ਹੋਇਆ ਦੇਖ ਕੇ ਕਹਿੰਦਾ ਹੈ, "ਛੱਡ ਪਰ੍ਹਾਂ ਇਹ ਗੱਲਾਂ, ਆਪਾਂ ਨਹੀਂ ਕਦੀ ਸੋਚਿਆ ਇਨ੍ਹਾਂ ਗੱਲਾਂ ਬਾਰੇ" ਉਸ ਦੇ ਅਸੰਵੇਦਨਸ਼ੀਲ ਹੋਣ ਦਾ ਕਾਰਨ ਇਹ ਹੈ ਕਿ ਉਹ ਸਮਝਦਾ ਹੈ ਕਿ ਜਿਹੜੀ ਭੁੱਖ-ਨੰਗ ਕਾਰਨ ਉਸ ਦਾ ਪਤਨੀ ਨਾਲ਼ ਝਗੜਾ ਹੁੰਦਾ ਹੈ, ਉਹ ਪੂਰੀ ਮਿਹਨਤ ਕਰ ਕੇ ਵੀ ਉਸ ਨੂੰ ਦੂਰ ਕਰਨ ਤੋਂ ਅਸਮਰਥ ਹੈ।

• **ਹੱਕਾਂ ਲਈ ਸੰਘਰਸ਼ ਕਰਨ ਦਾ ਚਾਹਵਾਨ** - ਉਹ ਬੰਤੇ ਨੂੰ ਕਹਿੰਦਾ ਹੈ ਕਿ ਉਨ੍ਹਾਂ ਨੂੰ ਆਪਣੀਆਂ ਰੋਟੀ-ਕੱਪੜੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਿਰਾਏ ਵਿਚ ਵਾਧਾ ਕਰਨਾ ਚਾਹੀਦਾ ਹੈ। ਇਸ ਮੰਤਵ ਲਈ ਸਾਰੀਆਂ ਯੂਨੀਅਨਾਂ ਨੂੰ ਇਕ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ।

• **ਇਕ ਚੰਗਾ ਦੋਸਤ** - ਉਹ ਬੰਤੇ ਦਾ ਚੰਗਾ ਦੋਸਤ ਹੈ। ਜਦੋਂ ਰਾਤ ਨੂੰ ਠੰਢ ਵਿਚ ਉਸ ਕੋਲ ਆਇਆ ਬੰਤਾ ਘਰ ਵਾਪਸ ਜਾਣਾ ਚਾਹੁੰਦਾ ਸੀ, ਤਾਂ ਉਹ ਉਸ ਨੂੰ ਚਾਹ ਪਿਲਾਉਣ ਮਗਰੋਂ ਤੇ ਉਸ ਨਾਲ਼ ਦਿਲ ਦੀਆਂ ਗੱਲਾਂ ਕਰਨ ਮਗਰੋਂ ਉਸ ਨੂੰ ਆਪਣੇ ਰਿਕਸ਼ੇ ਵਿੱਚ ਬੈਠਾ ਕੇ ਘਰ ਛੱਡ ਕੇ ਆਉਂਦਾ ਹੈ।

• **ਰੁਮਾਂਟਿਕ ਰੁਚੀਆਂ ਵਾਲ਼ਾ** - ਦਿਆਲਾ ਬੰਤੇ ਵਾਂਗ ਹੀ ਰੁਮਾਂਟਿਕ ਰੁਚੀਆਂ ਵਾਲ਼ਾ ਹੈ। ਉਸ ਨੂੰ ਪ੍ਰੋਫ਼ੈਸਰਨੀ ਨੂੰ ਆਪਣੇ ਰਿਕਸ਼ੇ ਵਿਚ

ਚੜ੍ਹਾ ਕੇ ਇਧਰ-ਉਧਰ ਲਿਜਾਂਦਿਆਂ ਬਹੁਤ ਖ਼ੁਸ਼ੀ ਮਿਲ਼ਦੀ ਹੈ।

## ਇੰਸਪੈਕਟਰ ਦਾ ਪਾਤਰ-ਚਿਤਰਨ

• **ਜਾਣ-ਪਛਾਣ** - ਇੰਸਪੈਕਟਰ 'ਇੱਕ ਹੋਰ ਨਵਾਂ ਸਾਲ' ਨਾਵਲ ਦਾ ਇਕ ਗੌਣ ਪਾਤਰ ਹੈ। ਉਹ ਪਲਿਸ ਦਾ ਇੰਸਪੈਕਟਰ ਹੈ ਤੇ ਰਾਤ ਵੇਲੇ ਸ਼ਰਾਬੀ ਹਾਲਤ ਵਿਚ ਬੰਤੇ ਦੇ ਰਿਕਸ਼ੇ ਵਿੱਚ ਸਵਾਰ ਹੁੰਦਾ ਹੈ।

• **ਪਲਿਸ ਅਫ਼ਸਰ ਵਾਲ਼ਾ ਹੰਕਾਰ** - ਉਸ ਵਿੱਚ ਪਲਿਸ ਅਫ਼ਸਰ ਵਾਲ਼ਾ ਹੰਕਾਰ ਹੈ। ਉਹ ਬੰਤੇ ਨੂੰ ਕਹਿੰਦਾ ਹੈ, ''ਮੈਂ ਕੋਈ ਮਾਮੂਲੀ ਆਦਮੀ ਨਹੀਂ, ਇੰਸਪੈਕਟਰ ਹਾਂ ਵੱਡਾ।" ਜਦੋਂ ਬੰਤਾ ਕਹਿੰਦਾ ਹੈ ਕਿ "ਰਿਕਸ਼ੇ ਵਿਚ ਬੈਠ ਜਾਓ ਜੀ......," ਤਾਂ ਉਹ ਕਹਿੰਦਾ ਹੈ, "ਬੈਠ ਜਾਉ ਦਿਆ ਪੁੱਤਰਾ... ਬਾਂਹ ਫੜ ਕੇ ਬਠਾਲ ।"

• **ਸ਼ਰਾਬ ਪੀਣ ਦਾ ਸ਼ੌਕੀਨ** - ਇੰਸਪੈਕਟਰ ਬੰਤੇ ਦੇ ਰਿਕਸ਼ੇ ਵਿਚ ਬੈਠਣ ਤੋਂ ਪਹਿਲਾਂ ਹੀ ਖ਼ੂਬ ਸ਼ਰਾਬੀ ਸੀ ਤੇ ਰਿਕਸ਼ੇ ਵਿਚ ਬੈਠਾ ਨਾਲ਼-ਨਾਲ਼ ਸ਼ਰਾਬ ਵੀ ਪੀ ਰਿਹਾ ਹੈ। ਜਦੋਂ ਉਹ ਬੋਤਲ ਵਿਚੋਂ ਸ਼ਰਾਬ ਦਾ ਘੁੱਟ ਭਰਦਾ ਹੈ, ਤਾਂ ਸ਼ਰਾਬ ਉਸ ਦੇ ਕੱਪੜਿਆਂ ਉੱਤੇ ਡੁੱਲ੍ਹ ਰਹੀ ਹੈ, ਜਿਸ ਬਾਰੇ ਉਸ ਨੂੰ ਕੋਈ ਸੁਰਤ ਨਹੀਂ ਹੈ।

• **ਸ਼ਰਾਬ ਕਾਰਨ ਸੁੱਧ-ਬੁੱਧ ਗੁਆ ਲੈਣ ਵਾਲ਼ਾ** - ਸ਼ਰਾਬੀ ਹਾਲਤ ਵਿੱਚ ਬੰਤੇ ਦੇ ਰਿਕਸ਼ੇ ਵਿੱਚ ਬੈਠਿਆਂ ਉਸ ਦੀ ਪੱਗ ਢਿੱਲੀ ਸੀ ਤੇ ਉਹ ਡਿਗੂੰ-ਡਿਗੂੰ ਕਰ ਰਹੀ ਸੀ। ਉਹ ਪਿਸ਼ਾਬ ਕਰਨ ਲਈ ਰਿਕਸ਼ੇ ਵਿੱਚੋਂ ਉੱਤਰ ਕੇ ਬੰਤੇ ਨੂੰ ਕਹਿੰਦਾ ਹੈ ਕਿ ਉਹ ਉਸ ਨੂੰ ਫੜ ਕੇ ਖੜ੍ਹਾ ਹੋਵੇ। ਫਿਰ ਜਦੋਂ ਉਸ ਤੋਂ ਆਪਣੀ ਪੈਂਟ ਦੇ ਬਟਨ ਬੰਦ ਨਹੀਂ ਹੁੰਦੇ, ਤਾਂ ਬੰਤੇ ਦੇ ਕਹਿਣ 'ਤੇ ਉਹਨਾਂ ਨੂੰ ਉਸੇ ਤਰ੍ਹਾਂ ਹੀ ਖੁੱਲ੍ਹੇ ਰਹਿਣ ਦਿੰਦਾ ਹੈ।

• **ਰਿਸ਼ਵਤਖੋਰ ਤੇ ਬਦਲੇਖੋਰ** - ਉਸ ਨੂੰ ਗੁੱਸਾ ਹੈ ਕਿ ਕਾਰਖ਼ਾਨੇ ਵਾਲ਼ੇ ਨੇ ਉਸ ਨੂੰ ਪੰਜ ਕਹਿ ਕੇ ਤਿੰਨ ਸੌ ਦੇ ਕੇ ਧੋਖਾ ਕੀਤਾ ਹੈ। ਉਹ ਉਸ ਨੂੰ ਸਿੱਧਾ ਕਰਨ ਦੀ ਧਮਕੀ ਦਿੰਦਾ ਹੈ।

• **ਸਥਿਤੀ ਅਨੁਸਾਰ ਬਦਲ ਜਾਣ ਵਾਲ਼ਾ** - ਜਦੋਂ ਬੰਤਾ ਉਸ ਦੇ ਹੈਂਕੜ ਭਰੇ ਰਵੱਈਏ ਤੋਂ ਖਿਝ ਕੇ ਉਸ ਨੂੰ ਰਾਹ ਵਿਚ ਹੀ ਰਿਕਸ਼ੇ ਵਿਚੋਂ ਉਤਰਨ ਲਈ ਕਹਿੰਦਾ ਹੈ, ਤਾਂ ਉਸਦਾ ਰਵੱਈਆ ਇਕ ਦਮ ਬਦਲ ਜਾਂਦਾ ਹੈ ਤੇ ਉਸ ਨੂੰ ਕਹਿੰਦਾ ਹੈ, "ਵੀਰ ਮੇਰਿਆ ਗੁੱਸਾ ਨਹੀਂ ਕਰੀਦਾ, ਐ ਲੈ ਫੜ ਤੂੰ ਵੀ ਪੀ ਘੁੱਟ," ਤੇ ਧੱਕੇ ਨਾਲ਼ ਉਸ ਦੇ ਮੂੰਹ ਨੂੰ ਬੋਤਲ ਲਾ ਦਿੰਦਾ ਹੈ।

# ਪੇਪਰ : ਪੰਜਾਬੀ (ਬੀ)

## ਵਿਆਕਰਨ: ਪਰਿਭਾਸ਼ਾ, ਮੰਤਵ ਅਤੇ ਅੰਗ

**ਪ੍ਰਸ਼ਨ 1. ਵਿਆਕਰਨ ਕਿਸ ਨੂੰ ਆਖਦੇ ਹਨ? ਵਿਆਕਰਨ ਦੀ ਪਰਿਭਾਸ਼ਾ ਦਿਓ।**

ਉੱਤਰ - ਵਿਆਕਰਨ ਅਜਿਹੀ ਵਿੱਦਿਆ ਹੈ, ਜਿਸ ਵਿਚ ਭਾਸ਼ਾ ਦੇ ਧੁਨੀ-ਉਚਾਰਨ, ਸ਼ਬਦ-ਰਚਨਾ, ਸ਼ਬਦ-ਜੋੜਾਂ, ਸ਼ਬਦਾਰਥ ਅਤੇ ਵਾਕ ਰਚਨਾ ਦੇ ਨਿਯਮਾਂ ਦਾ ਅਧਿਐਨ ਕੀਤਾ ਜਾਂਦਾ ਹੈ। ਵਿਆਕਰਨਕ ਨਿਯਮਾਂ ਵਿੱਚ ਬੱਝ ਕੇ ਹੀ ਕੋਈ ਭਾਸ਼ਾ ਸਾਹਿਤਕ ਜਾਂ ਟਕਸਾਲੀ ਰੂਪ ਧਾਰਨ ਕਰਦੀ ਹੈ। ਵਿਆਕਰਨ ਦੇ ਨਿਯਮਾਂ ਨਾਲ਼ ਭਾਸ਼ਾ ਮਾਂਜ਼ੀ-ਸੁਆਰੀ ਜਾਂਦੀ ਹੈ।

**ਪ੍ਰਸ਼ਨ 2. ਵਿਆਕਰਨ ਦੀ ਕੀ ਮਹੱਤਤਾ ਹੈ?**

ਉੱਤਰ - ਭਾਸ਼ਾ ਦੇ ਸ਼ੁੱਧ ਤੇ ਮਿਆਰੀ ਸਰੂਪ ਨੂੰ ਸਮਝਣ ਲਈ ਵਿਆਕਰਨ ਦੀ ਪੜ੍ਹਾਈ ਦੀ ਬੜੀ ਮਹੱਤਤਾ ਹੈ। ਇਸ ਦੇ ਨਿਯਮਾਂ ਵਿੱਚ ਬੱਝ ਕੇ ਹੀ ਕੋਈ ਭਾਸ਼ਾ ਟਕਸਾਲੀ ਰੂਪ ਧਾਰਨ ਕਰਦੀ ਹੈ। ਇਸ ਤੋਂ ਧੁਨੀਆਂ ਦੇ ਉਚਾਰਨ, ਸ਼ਬਦਾਂ ਦੀ ਬਣਤਰ ਤੇ ਵਾਕ-ਰਚਨਾ ਦਾ ਪਤਾ ਲੱਗਦਾ ਹੈ। ਦੂਜੀਆਂ ਭਾਸ਼ਾਵਾਂ ਨੂੰ ਸਿੱਖਣ ਲਈ ਵਿਆਕਰਨ ਤੋਂ ਬਿਨਾਂ ਕੰਮ ਚੱਲਦਾ ਹੀ ਨਹੀਂ। ਇਸ ਕਰਕੇ ਦੀ ਇਹ ਖ਼ਾਸ ਮਹੱਤਤਾ ਹੈ ਕਿ ਸਕੂਲ ਪੱਧਰ 'ਤੇ ਵਿਆਕਰਨ ਦੀ ਪੜ੍ਹਾਈ ਜ਼ਰੂਰੀ ਹੈ।

**ਪ੍ਰਸ਼ਨ 3. ਵਿਆਕਰਨ ਦਾ ਕੀ ਮੰਤਵ ਹੈ?**

ਉੱਤਰ: ਵਿਆਕਰਨ ਦਾ ਮੰਤਵ ਕਿਸੇ ਭਾਸ਼ਾ ਦੇ ਵਰਤਾਰੇ ਨੂੰ ਵਿਗਿਆਨਕ ਢੰਗ ਨਾਲ਼ ਸਮਝਣਾ ਹੈ। ਇਸ ਰਾਹੀਂ ਭਾਸ਼ਾ ਦੇ ਵਰਤਾਰੇ ਪਿੱਛੇ ਕੰਮ ਕਰਦੇ ਨਿਯਮ ਕੱਢੇ ਜਾਂਦੇ ਹਨ। ਉਹਨਾਂ ਨਿਯਮਾਂ ਨੂੰ ਸਮੁੱਚੀ ਭਾਸ਼ਾ ਉੱਤੇ ਲਾਗੂ ਕਰਕੇ ਭਾਸ਼ਾ ਦਾ ਮਿਆਰੀ ਜਾਂ ਟਕਸਾਲੀ ਰੂਪ ਸਥਾਪਿਤ ਕੀਤਾ ਜਾਂਦਾ ਹੈ ਤੇ ਇਸੇ ਰਾਹੀਂ ਵਿਦੇਸ਼ੀਆਂ ਨੂੰ ਸੰਬੰਧਿਤ ਬੋਲੀ ਸਿਖਾਈ ਜਾਂਦੀ ਹੈ।

**ਪ੍ਰਸ਼ਨ 4. ਪੰਜਾਬੀ ਵਿਆਕਰਨ ਕਿਸ ਨੂੰ ਕਹਿੰਦੇ ਹਨ?**

ਉੱਤਰ: ਪੰਜਾਬੀ ਬੋਲੀ ਦੀ ਵਾਕ-ਰਚਨਾ, ਸ਼ਬਦ-ਰਚਨਾ, ਸ਼ਬਦ-ਰੂਪਾਂ, ਸ਼ਬਦ-ਜੋੜਾਂ ਤੋਂ ਸ਼ਬਦਾਰਥਾਂ ਵਿੱਚ ਕੰਮ ਕਰਦੇ ਨਿਯਮਾਂ ਨੂੰ ਪੰਜਾਬੀ ਵਿਆਕਰਨ ਕਿਹਾ ਜਾਂਦਾ ਹੈ।

**ਪ੍ਰਸ਼ਨ 5. ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ?**

ਉੱਤਰ - ਵਿਆਕਰਨ ਭਾਸ਼ਾ ਦੇ ਵਰਤਾਰੇ ਦੀ ਵਿਆਖਿਆ ਕਰਦਾ ਹੈ। ਇਸ ਲਈ ਭਾਸ਼ਾ ਦੇ ਵੱਖ-ਵੱਖ ਅੰਗਾਂ ਦੇ ਅਧਿਐਨ ਲਈ ਪੰਜਾਬੀ ਵਿਆਕਰਨ ਦੇ ਅੰਗ ਹੇਠ ਲਿਖੇ ਹਨ -

- ਧੁਨੀ ਬੋਧ ਜਾਂ ਵਰਨ ਬੋਧ
- ਸ਼ਬਦ ਬੋਧ
- ਵਾਕ ਬੋਧ
- ਅਰਥ ਬੋਧ

ਇਸ ਤੋਂ ਬਿਨਾਂ ਵਿਆਕਰਨ ਵਿੱਚ ਵਿਸਰਾਮ ਚਿੰਨ੍ਹਾਂ, ਸ਼ਬਦ-ਜੋੜਾਂ, ਮੁਹਾਵਰਿਆਂ, ਮੁਹਾਵਰੇਦਾਰ ਵਾਕੰਸ਼ਾਂ ਤੇ ਅਖਾਣਾਂ ਦੀ ਚਰਚਾ ਵੀ ਕੀਤੀ ਜਾਂਦੀ ਹੈ।

## ਭਾਸ਼ਾ ਅਤੇ ਪੰਜਾਬੀ ਭਾਸ਼ਾ

**1. ਭਾਸ਼ਾ ਕਿਸ ਨੂੰ ਕਹਿੰਦੇ ਹਨ?**

**ਉੱਤਰ** - ਮੂੰਹ ਵਿੱਚੋਂ ਨਿਕਲ਼ਣ ਵਾਲ਼ੀਆਂ ਸਾਰਥਕ ਅਵਾਜ਼ਾਂ ਜਿਹਨਾਂ ਰਾਹੀਂ ਮਨੁੱਖ ਆਪਣੇ ਮਨੋਭਾਵ ਤੇ ਵਿਚਾਰਾਂ ਨੂੰ ਦੂਜਿਆਂ ਨਾਲ਼ ਸਾਂਝੇ ਕਰਦਾ ਹੈ, ਉਸ ਨੂੰ ਭਾਸ਼ਾ ਕਹਿੰਦੇ ਹਨ। ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ - ਮੌਖਿਕ ਭਾਸ਼ਾ ਅਤੇ ਲਿਖਤੀ ਭਾਸ਼ਾ।

**2. ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਮਨੁੱਖ ਕਿਹੜੇ ਸਫ਼ਲ ਸਾਧਨ ਦੀ ਵਰਤੋਂ ਕਰਦਾ ਹੈ?**

**ਉੱਤਰ** - ਭਾਸ਼ਾ ਦੀ।

**3. ਸਾਡੇ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?**

**ਉੱਤਰ** - ਸਾਡੇ ਸੰਵਿਧਾਨ ਅਨੁਸਾਰ ਭਾਰਤ ਦੀਆਂ ਬਾਈ ਪ੍ਰਵਾਨਿਤ ਭਾਸ਼ਾਵਾਂ ਇਸ ਪ੍ਰਕਾਰ ਹਨ - ਸੰਸਕ੍ਰਿਤ, ਹਿੰਦੀ, ਉਰਦੂ, ਕਸ਼ਮੀਰੀ, ਡੋਗਰੀ, ਪੰਜਾਬੀ, ਸਿੰਧੀ, ਨੇਪਾਲੀ, ਸੰਥਾਲੀ, ਬੰਗਲਾ, ਬੋਡੋ, ਅਸਾਮੀ, ਮਨੀਪੁਰੀ, ਗੁਜਰਾਤੀ, ਮਰਾਠੀ, ਮੈਥਿਲੀ, ਉੜੀਆ, ਕੋਂਕਣੀ, ਕੰਨੜ, ਮਲਿਆਲਮ, ਤਾਮਿਲ ਅਤੇ ਤੇਲਗੂ।

**4. ਉਪਭਾਸ਼ਾ ਕੀ ਹੁੰਦੀ ਹੈ?**

**ਉੱਤਰ** - ਕਿਸੇ ਭਾਸ਼ਾ-ਖੇਤਰ ਵਿੱਚ ਇਲਾਕਾਈ ਭਿੰਨਤਾ ਨਾਲ਼ ਬੋਲ-ਚਾਲ ਦੀ ਬੋਲੀ ਦੇ ਕਈ ਰੂਪ ਮਿਲਦੇ ਹਨ। ਇਹ ਬੋਲੀ ਦੇ ਵੱਖ-ਵੱਖ ਰੂਪ ਹੀ ਵੱਖ-ਵੱਖ ਉਪਭਾਸ਼ਾਵਾਂ ਹੁੰਦੀਆਂ ਹਨ।

**5. ਪੰਜਾਬੀ ਦੀਆਂ ਉਪਭਾਸ਼ਾਵਾਂ ਕਿਹੜੀਆਂ-ਕਿਹੜੀਆਂ ਹਨ?**

**ਉੱਤਰ** - ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਇਸ ਪ੍ਰਕਾਰ ਨਿਰਧਾਰਿਤ ਹੋਈਆਂ ਹਨ, ਜਿਵੇਂ : ਮਾਝੀ, ਮਲਵਈ, ਦੁਆਬੀ, ਪੁਆਧੀ, ਪੋਠੋਹਾਰੀ, ਮੁਲਤਾਨੀ ਆਦਿ।

**6 . ਪੰਜਾਬੀ ਦੀਆਂ ਪੁਆਧੀ ਅਤੇ ਦੁਆਬੀ ਉਪਭਾਸ਼ਾਵਾਂ ਕਿਹੜੇ-ਕਿਹੜੇ ਇਲਾਕੇ ਵਿੱਚ ਬੋਲੀਆਂ ਜਾਂਦੀਆਂ ਹਨ?**

**ਉੱਤਰ - ਪੁਆਧੀ** : ਜ਼ਿਲ੍ਹਾ ਰੂਪਨਗਰ (ਰੋਪੜ), ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲ਼ੇ ਦਾ ਪੂਰਬੀ ਹਿੱਸਾ, ਸੰਗਰੂਰ ਦੇ ਮਲੇਰਕੋਟਲੇ ਵੱਲ ਦਾ ਖੇਤਰ, ਫ਼ਤਿਹਗੜ੍ਹ ਸਾਹਿਬ ਦਾ ਪੂਰਬੀ ਹਿੱਸਾ ਅਤੇ ਹਰਿਆਣੇ ਵਿੱਚ ਅੰਬਾਲ਼ਾ ਦਾ ਪੱਛਮੀ ਹਿੱਸਾ।

**ਦੁਆਬੀ** : ਜ਼ਿਲ੍ਹਾ ਜਲੰਧਰ, ਕਪੂਰਥਲ਼ਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ।

**7. ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਆਪਸੀ ਅੰਤਰ ਕਿਉਂ ਪੈਦਾ ਹੋਏ ਤੇ ਹੁਣ ਕਿਉਂ ਘਟਦੇ ਜਾ ਰਹੇ ਹਨ?**

**ਉੱਤਰ** - ਪੁਰਾਣੇ ਸਮਿਆਂ ਵਿੱਚ ਵਿਸ਼ੇਸ਼ ਭੂਗੋਲਿਕ ਸਥਿਤੀਆਂ ਹੋਣ ਕਾਰਨ ਅਤੇ ਆਵਾਜਾਈ ਦੀਆਂ ਸਹੂਲਤਾਂ ਨਾ ਹੋਣ ਕਾਰਨ ਇੱਕ ਖਿੱਤੇ ਦੇ ਲੋਕਾਂ ਦਾ ਦੂਸਰੇ ਖਿੱਤੇ ਦੇ ਲੋਕਾਂ ਨਾਲ਼ ਕੋਈ ਬਹੁਤਾ ਮੇਲ਼-ਜੋਲ਼ ਨਹੀਂ ਹੁੰਦਾ ਸੀ । ਇਸ ਤੋਂ ਇਲਾਵਾ ਸੰਚਾਰ-ਸਾਧਨਾਂ ਦਾ ਵੀ ਕੋਈ ਬਹੁਤਾ ਵਿਕਾਸ ਨਹੀਂ ਹੋਇਆ ਸੀ ਜਿਸ ਕਾਰਨ ਇੱਕ ਪ੍ਰਾਂਤ ਜਾਂ ਇਲਾਕੇ ਵਿੱਚ ਲੋਕਾਂ ਦੁਆਰਾ ਬੋਲੀ ਜਾਣ ਵਾਲ਼ੀ ਭਾਸ਼ਾ ਵਿੱਚ ਉਚਾਰਨ ਤੇ ਸ਼ਬਦਾਵਲੀ ਦੇ ਪੱਖ ਤੋਂ ਥੋੜ੍ਹਾ-ਬਹੁਤ ਅੰਤਰ ਜ਼ਰੂਰ ਹੁੰਦਾ ਸੀ।

ਅਜੋਕੇ ਪੰਜਾਬ ਵਿੱਚ ਆਵਾਜਾਈ ਅਤੇ ਸੰਚਾਰ-ਸਾਧਨਾਂ ਦੇ ਉੱਨਤ ਹੋਣ ਕਾਰਨ ਵੱਖ-ਵੱਖ ਖੇਤਰਾਂ ਦੇ ਲੋਕਾਂ ਦਾ ਆਪਸੀ ਮੇਲ਼-ਜੋਲ਼ ਕਾਫ਼ੀ ਵਧ ਗਿਆ ਹੈ ਜਿਸ ਕਾਰਨ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਉੱਘੜਵੇਂ ਅੰਤਰ ਅਤੇ ਵਖਰੇਵੇਂ ਮੱਧਮ ਪੈ ਰਹੇ ਹਨ।

**8. ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਕਿਸ ਨੂੰ ਕਹਿੰਦੇ ਹਨ?**

**ਉੱਤਰ** - ਟਕਸਾਲੀ ਭਾਸ਼ਾ ਇੱਕ ਆਦਰਸ਼ ਭਾਸ਼ਾ ਹੁੰਦੀ ਹੈ ਜੋ ਸਾਰੇ ਇਲਾਕੇ ਵਿੱਚ ਸਾਂਝੀ ਭਾਸ਼ਾ ਵਜੋਂ ਮਾਨਤਾ ਰੱਖਦੀ ਹੈ। ਪੰਜਾਬੀ ਦੀਆਂ ਥੋੜ੍ਹੇ-ਬਹੁਤੇ ਫ਼ਰਕ ਵਾਲ਼ੀਆਂ ਉਪਭਾਸ਼ਾਵਾਂ ਨੂੰ ਛੱਡ ਕੇ ਸਾਰੇ ਪੰਜਾਬ ਵਿੱਚ ਜਿਹੜੀ ਸਰਬ ਸਾਂਝੀ ਭਾਸ਼ਾ ਵਰਤੀ ਜਾਂਦੀ ਹੈ, ਉਸ ਨੂੰ ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਕਿਹਾ ਜਾਂਦਾ ਹੈ, ਪੰਜਾਬ ਦੇ ਕੇਂਦਰੀ ਇਲਾਕੇ ਦੀ ਬੋਲੀ ਹੋਣ ਕਾਰਨ ਇਸ ਨੂੰ ਕੇਂਦਰੀ ਪੰਜਾਬੀ ਵੀ ਆਖਿਆ ਜਾਂਦਾ ਹੈ। ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਨੂੰ ਨਿਸ਼ਚਿਤ ਕਰਨ ਦੇ ਲਈ ਮਾਝੀ ਉਪਭਾਸ਼ਾ ਨੂੰ ਆਧਾਰ ਬਣਾਇਆ ਗਿਆ ਹੈ।

**9. ਟਕਸਾਲੀ ਜਾਂ ਮਿਆਰੀ ਭਾਸ਼ਾ ਦੀ ਕੀ ਉਪਯੋਗਤਾ ਹੁੰਦੀ ਹੈ ?**

**ਉੱਤਰ** - ਇਹ ਭਾਸ਼ਾ ਸਰਕਾਰੀ ਪ੍ਰਬੰਧ, ਸਿੱਖਿਆ, ਸਾਹਿਤ, ਸੱਭਿਆਚਾਰ ਅਤੇ ਵਪਾਰ ਆਦਿ ਦੀਆਂ ਲੋੜਾਂ ਨੂੰ ਪੂਰਿਆਂ ਕਰਦੀ ਹੈ।

**10. ਮਲਵਈ ਉਪਭਾਸ਼ਾ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ?**

**ਉੱਤਰ** - ਜ਼ਿਲ੍ਹਾ ਲੁਧਿਆਣਾ, ਮੁਕਤਸਰ, ਫ਼ਰੀਦਕੋਟ, ਫ਼ਾਜ਼ਿਲਕਾ, ਮੋਗਾ, ਬਠਿੰਡਾ, ਮਾਨਸਾ, ਬਰਨਾਲ਼ਾ, ਫਿਰੋਜ਼ਪੁਰ, ਸਿਰਸਾ (ਹਰਿਆਣਾ), ਸੰਗਰੂਰ ਤੇ ਫ਼ਤਿਹਗੜ੍ਹ ਸਾਹਿਬ ਦਾ ਕੁਝ ਹਿੱਸਾ ਤੇ ਪਟਿਆਲ਼ਾ ਜ਼ਿਲ੍ਹੇ ਦਾ ਪੱਛਮੀ ਭਾਗ ਵੀ ਮਾਲਵੇ ਦੇ ਖੇਤਰ ਵਿੱਚ ਆਉਂਦਾ ਹੈ।

**11. ਰਾਵੀ ਤੇ ਬਿਆਸ ਦਰਿਆਵਾਂ ਦੇ ਵਿਚਕਾਰ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?**

**ਉੱਤਰ** - ਮਾਝੀ।

**12. ਪਿਜਿਨ ਅਤੇ ਕ੍ਰੀਓਲ ਭਾਸ਼ਾ-ਵੰਨਗੀਆਂ ਵਿੱਚ ਕੀ ਅੰਤਰ ਹੈ?**

**ਉੱਤਰ** - ਪਿਜਿਨ ਦਾ ਭਾਵ ਹੈ, ਕੰਮ-ਚਲਾਊ ਭਾਸ਼ਾ ਪਰ ਸਮਾਂ ਪਾ ਕੇ ਜੇ ਇਹੀ ਕੰਮ-ਚਲਾਊ ਭਾਸ਼ਾ ਸਥਾਨਿਕ ਭਾਸ਼ਾ ਬਣ ਜਾਵੇ ਤਾਂ ਉਸ ਨੂੰ ਕ੍ਰੀਓਲ ਦਾ ਨਾਂ ਦਿੱਤਾ ਜਾਂਦਾ ਹੈ। ਸਾਡੇ ਦੇਸ ਵਿੱਚ ਉਰਦੂ ਭਾਸ਼ਾ ਅਜਿਹੀ ਹੀ ਸਥਿਤੀ ਦੀ ਉਪਜ ਹੈ।

**13. ਦੱਸੋ, ਪੰਜਾਬ ਦੇ ਹੇਠ ਲਿਖੇ ਜ਼ਿਲ੍ਹਿਆਂ ਵਿੱਚ ਕਿਹੜੀ-ਕਿਹੜੀ ਉਪਭਾਸ਼ਾ ਵਰਤੀ ਜਾਂਦੀ ਹੈ?**

**ਉੱਤਰ** - ਬਠਿੰਡਾ-ਮਲਵਈ, ਸ਼ਹੀਦ ਭਗਤ ਸਿੰਘ ਨਗਰ-ਦੁਆਬੀ, ਹੁਸ਼ਿਆਰਪੁਰ-ਦੁਆਬੀ, ਤਰਨਤਾਰਨ-ਮਾਝੀ, ਗੁਰਦਾਸਪੁਰ-ਮਾਝੀ, ਫ਼ਾਜ਼ਿਲਕਾ-ਮਲਵਈ, ਰੂਪਨਗਰ-ਪੁਆਧੀ, ਫ਼ਤਿਹਗੜ੍ਹ ਸਾਹਿਬ-ਕੁਝ ਹਿੱਸੇ ਵਿੱਚ ਮਲਵਈ ਅਤੇ ਪੂਰਬੀ ਹਿੱਸੇ ਵਿੱਚ ਪੁਆਧੀ, ਪਟਿਆਲ਼ਾ-ਪੂਰਬੀ ਹਿੱਸੇ ਵਿੱਚ ਪੁਆਧੀ ਅਤੇ ਪੱਛਮੀ ਹਿੱਸੇ ਵਿੱਚ ਮਲਵਈ।

## ਧੁਨੀ-ਬੋਧ

**ਪ੍ਰਸ਼ਨ 1. ਵਿਆਕਰਨ ਅਨੁਸਾਰ ਧੁਨੀ ਕਿਸ ਨੂੰ ਕਹਿੰਦੇ ਹਨ?**

**ਉੱਤਰ -** ਬੋਲਣ ਵੇਲ਼ੇ ਮਨੁੱਖ ਦੇ ਮੂੰਹ ਵਿੱਚੋਂ ਜਿਹੜੀਆਂ ਸਾਰਥਕ ਅਵਾਜਾਂ ਨਿਕਲ਼ਦੀਆਂ ਹਨ, ਉਹਨਾਂ ਨੂੰ ਵਿਆਕਰਨ ਵਿੱਚ ਧੁਨੀਆਂ ਕਿਹਾ ਜਾਂਦਾ ਹੈ।

**ਪ੍ਰਸ਼ਨ 2. ਪੰਜਾਬੀ ਭਾਸ਼ਾ ਦੀਆਂ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ?**

**ਉੱਤਰ -** ਪੰਜਾਬੀ ਭਾਸ਼ਾ ਦੀਆਂ ਧੁਨੀਆਂ ਦੋ ਪ੍ਰਕਾਰ ਦੀਆਂ ਹਨ – ਸ੍ਵਰ-ਧੁਨੀਆਂ ਅਤੇ ਵਿਅੰਜਨ-ਧਿਨੀਆਂ।

**ਪ੍ਰਸ਼ਨ 3. ਪੰਜਾਬੀ ਵਿੱਚ ਸ੍ਵਰ-ਵਾਹਕ ਅੱਖਰ ਕਿਹੜੇ-ਕਿਹੜੇ ਹਨ?**

**ਉੱਤਰ -** ੳ, ਅ ਅਤੇ ੲ।

**ਪ੍ਰਸ਼ਨ 4. ਸ੍ਵਰ-ਧੁਨੀਆਂ ਕੀ ਹੁੰਦੀਆਂ ਹਨ?**

**ਉੱਤਰ -** ਉਹ ਧੁਨੀਆਂ ਜਿਹਨਾਂ ਦੇ ਉਚਾਰਨ ਸਮੇਂ ਸਾਹ ਬੇਰੋਕ ਮੂੰਹ ਵਿੱਚੋਂ ਬਾਹਰ ਨਿਕਲ਼ੇ, ਉਹਨਾਂ ਨੂੰ ਸ੍ਵਰ-ਧੁਨੀਆਂ ਕਿਹਾ ਜਾਂਦਾ ਹੈ।

**ਪ੍ਰਸ਼ਨ 5. ਪੰਜਾਬੀ ਵਿੱਚ ਸ੍ਵਰ-ਧੁਨੀਆਂ ਕਿਹੜੀਆਂ-ਕਿਹੜੀਆਂ ਹਨ?**

**ਉੱਤਰ -** ਪੰਜਾਬੀ ਵਿੱਚ ਸ੍ਵਰ-ਧੁਨੀਆਂ ਦਸ ਹਨ – ਅ, ਆ, ਇ, ਈ, ਉ, ਊ, ਏ, ਐ, ਓ, ਔ।

**ਪ੍ਰਸ਼ਨ 6. ਵਿਅੰਜਨ-ਧੁਨੀਆਂ ਕੀ ਹੁੰਦੀਆਂ ਹਨ?**

**ਉੱਤਰ -** ਉਹ ਧੁਨੀਆਂ ਜਿਹਨਾਂ ਦੇ ਉਚਾਰਨ ਸਮੇਂ ਸਾਹ ਕਿਸੇ ਨਾ ਕਿਸੇ ਉਚਾਰਨ ਅੰਗ ਦੁਆਰਾ ਰੁਕਾਵਟ ਤੋਂ ਬਾਅਦ ਮੂੰਹ ਵਿੱਚੋਂ ਬਾਹਰ ਨਿਕਲ਼ੇ, ਉਹਨਾਂ ਨੂੰ ਵਿਅੰਜਨ-ਧੁਨੀਆਂ ਕਿਹਾ ਜਾਂਦਾ ਹੈ।

**ਪ੍ਰਸ਼ਨ 7. ਪੰਜਾਬੀ ਵਿੱਚ ਵਿਅੰਜਨ-ਧੁਨੀਆਂ ਕਿੰਨੀਆਂ ਹਨ?**

**ਉੱਤਰ -** ਪੰਜਾਬੀ ਵਿੱਚ ਵਿਅੰਜਨ-ਧੁਨੀਆਂ 38 ਹਨ – ਸ ਤੋਂ ਲ਼ ਤੱਕ।

**ਪ੍ਰਸ਼ਨ 8. ਪੰਜਾਬੀ ਦੇ ਨਾਸਿਕੀ ਵਿਅੰਜਨ ਕਿਹੜੇ-ਕਿਹੜੇ ਹਨ?**

**ਉੱਤਰ -** ਪੰਜਾਬੀ ਵਿੱਚ ਨਾਸਿਕੀ ਵਿਅੰਜਨ ਪੰਜ ਹਨ – ਙ, ਞ, ਣ, ਨ, ਮ।

**ਪ੍ਰਸ਼ਨ 9. ਅਜੋਕੀ ਪੰਜਾਬੀ ਵਿੱਚ ਕਿਹੜੀਆਂ ਧੁਨੀਆਂ ਨਾਲ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?**

**ਉੱਤਰ -** ਪੰਜਾਬੀ ਧੁਨੀਆਂ ਙ, ਞ, ਣ, ੜ, ਲ਼ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ।

**ਪ੍ਰਸ਼ਨ 9. ਵਿਆਕਰਨ ਨਾਲ ਸੰਬੰਧਤ ਇੱਕ ਪ੍ਰਸ਼ਨਾਂ ਲਈ ਲੋੜੀਂਦੀ ਸਮੱਗਰੀ: ਅੰਕ-2**

# ਲਿਪੀ

**ਪ੍ਰਸ਼ਨ 1. ਲਿਪੀ ਕੀ ਹੁੰਦੀ ਹੈ?**

**ਉੱਤਰ -** ਕਿਸੇ ਭਾਸ਼ਾ ਦੀਆਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਵਰਤੇ ਜਾਂਦੇ ਚਿੰਨਾਂ ਦੇ ਸਮੂਹ ਨੂੰ ਲਿਪੀ ਕਿਹਾ ਜਾਂਦਾ ਹੈ।

**ਪ੍ਰਸ਼ਨ 2. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਢੁਕਵੀਂ ਹੈ?**

**ਉੱਤਰ -** ਗੁਰਮੁਖੀ ਲਿਪੀ।

**ਪ੍ਰਸ਼ਨ 3. ਗੁਰਮੁਖੀ ਲਿਪੀ ਅਤੇ ਵਰਨ-ਮਾਲ਼ਾ ਵਿੱਚ ਕੀ ਅੰਤਰ ਹੈ?**

**ਉੱਤਰ -** ਗੁਰਮਖੀ ਲਿਪੀ ਵਿੱਚ ਅੱਖਰ, ਲਗਾਖਰ ਅਤੇ ਲਗਾਂ-ਮਾਤਰਾਵਾਂ ਸ਼ਾਮਲ ਹੁੰਦੀਆਂ ਹਨ ਜਦਕਿ ਵਰਨਮਾਲ਼ਾ ਗੁਰਮੁਖੀ ਦੇ ਅੱਖਰਾਂ ਦੀ ਵਿਸ਼ੇਸ ਤਰਤੀਬ ਹੁੰਦੀ ਹੈ।

**ਪ੍ਰਸ਼ਨ 4. ਗੁਰਮੁਖੀ ਵਰਨ-ਮਾਲ਼ਾ ਦੇ ਕਿੰਨੇ ਵਰਨ ਜਾਂ ਅੱਖਰ ਹਨ?**

**ਉੱਤਰ -** 41 ਅੱਖਰ।

**ਪ੍ਰਸ਼ਨ 5. ਪਹਿਲਾਂ ਪ੍ਰਚਲਿਤ ਅੱਖਰਾਂ ਵਿੱਚ ਕੁਝ ਅੱਖਰਾਂ ਦੇ ਪੈਰਾਂ ਵਿੱਚ ਬਿੰਦੀ ਲਾ ਕੇ ਨਵੇਂ ਅੱਖਰ ਬਣਾਏ ਗਏ ਹਨ। ਇਹ ਨਵੇਂ ਅੱਖਰ ਕਿਹੜੇ ਹਨ? ਇਹਨਾਂ ਨਵੇਂ ਅੱਖਰਾਂ ਨੂੰ ਬਣਾਉਣ ਦੀ ਲੋੜ ਕਿਉਂ ਪਈ?**

**ਉੱਤਰ -** ਅਰਬੀ ਫ਼ਾਰਸੀ ਦੀਆਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਗੁਰਮੁਖੀ ਦੇ ਸ, ਖ, ਗ, ਜ ਅਤੇ ਫ ਅੱਖਰਾਂ ਦੇ ਪੈਰ ਵਿੱਚ ਬਿੰਦੀ ਲਾ ਕੇ ਪੰਜ ਨਵੇਂ ਬਣਾਏ ਅੱਖਰ ਸ਼, ਖ਼, ਗ਼, ਜ਼ ਅਤੇ ਫ਼ ਹਨ।

**ਪ੍ਰਸ਼ਨ 6. 'ਲ' ਅਤੇ 'ਲ਼' ਵਿੱਚ ਕੀ ਅੰਤਰ ਹੈ?**

**ਉੱਤਰ -** 'ਲ਼' ਧੁਨੀ ਜਿਸ ਨੂੰ ਬੋਲਣ ਵੇਲ਼ੇ ਜੀਭ ਤਾਲੂ ਨੂੰ ਛੂੰਹਦੀ ਹੈ, ਨੂੰ ਅੰਕਿਤ ਕਰਨ ਲਈ ਲੱਲਾ ਅੱਖਰ ਦੇ ਪੈਰ ਬਿੰਦੀ ਲਾ ਕੇ 'ਲ਼' ਅੱਖਰ ਬਣਾਇਆ ਗਿਆ ਹੈ ਜਦਕਿ ਬਿਨਾਂ ਪੈਰ ਬਿੰਦੀ 'ਲੱਲਾ' ਅੱਖਰ 'ਲ' ਦੀ ਉਸ ਧੁਨੀ ਨੂੰ ਅੰਕਿਤ ਕਰਦਾ ਹੈ ਜਿਸ ਨੂੰ ਬੋਲਣ ਵੇਲ਼ੇ ਜੀਭ ਦੰਦਾਂ ਦੇ ਅੰਦਰਲੇ ਪਾਸੇ ਨੂੰ ਛੂੰਹਦੀ ਹੈ। ਜਿਵੇਂ - ਜਲ-ਪਾਣੀ, ਜਲ਼-ਸੜ, ਬਲ-ਤਾਕਤ, ਬਲ਼-ਸੜ।

**ਪ੍ਰਸ਼ਨ 7. ਦੁੱਤ ਅੱਖਰ ਕਿਸ ਨੂੰ ਆਖਦੇ ਹਨ? ਉਦਾਹਰਨਾਂ ਸਹਿਤ ਲਿਖੋ।**

**ਉੱਤਰ -** ਗੁਰਮੁਖੀ ਲਿਪੀ ਵਿੱਚ 'ਹ, ਰ, ਵ' ਤਿੰਨ ਅਜਿਹੇ ਅੱਖਰ ਹਨ ਜਿਨ੍ਹਾਂ ਦੀ ਵਰਤੋਂ ਇਹਨਾਂ ਦੇ ਮੂਲ ਰੂਪ ਵਿੱਚ ਅਰਥਾਤ ਆਮ ਚਿੰਨ੍ਹਾਂ ਵਾਂਗ ਵੀ ਕੀਤੀ ਜਾ ਸਕਦੀ ਹੈ ਅਤੇ ਵਿਅੰਜਨ ਅੱਖਰਾਂ ਦੇ ਪੈਰਾਂ ਵਿੱਚ ਪਾ ਕੇ ਵੀ ਕੀਤੀ ਜਾ ਸਕਦੀ ਹੈ, ਜਿਵੇਂ - ਪੜ੍ਹ, ਪ੍ਰੇਮ, ਸ੍ਵਰ ਆਦਿ। ਇਹਨਾਂ ਦੁੱਤ ਅੱਖਰਾਂ ਨੂੰ ਜੁੜਵੇਂ ਜਾਂ ਸੰਯੁਕਤ ਅੱਖਰ ਵੀ ਕਿਹਾ ਜਾਂਦਾ ਹੈ।

**ਪ੍ਰਸ਼ਨ 8. ਬਿੰਦੀ ਕਿਹੜੀ-ਕਿਹੜੀ ਲਗ ਨਾਲ਼ ਲੱਗਦੀ ਹੈ, ਉਦਾਹਰਨਾਂ ਸਹਿਤ ਦੱਸੋ।**

**ਉੱਤਰ -** ਬਿੰਦੀ ਦੀ ਵਰਤੋਂ ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਅਤੇ ਕਨੌੜਾ ਨਾਲ਼ ਹੁੰਦੀ ਹੈ, ਜਿਵੇ - ਬਾਂਦਰ, ਆਂਡਾ, ਨੀਂਦ, ਪੀਂਘ, ਗੇਂਦਾ, ਬੈਂਗਣ, ਸੈਂਕੜਾ, ਗੋਂਦ, ਕਦੋਂ, ਧੌਂਸ, ਜੌਂ ਆਦਿ। ਇਹਨਾਂ ਨਿਯਮਾਂ ਵਿੱਚ ਛੋਟ ਇਹ ਹੈ ਕਿ 'ੳ' ਅੱਖਰ ਨੂੰ ਲੱਗੇ ਔਂਕੜ ਅਤੇ ਦੁਲੈਂਕੜ ਨਾਲ਼ ਟਿੱਪੀ ਨਹੀਂ ਬਿੰਦੀ ਲੱਗਦੀ ਹੈ।

**ਪ੍ਰਸ਼ਨ 9. ਟਿੱਪੀ ਕਿਹੜੀ-ਕਿਹੜੀ ਲਗ ਨਾਲ਼ ਲੱਗਦੀ ਹੈ, ਉਦਾਹਰਨਾਂ ਸਹਿਤ ਦੱਸੋ।**

**ਉੱਤਰ -** ਮੁਕਤਾ, ਸਿਹਾਰੀ, ਔਂਕੜ, ਦੁਲੈਂਕੜ ਨਾਲ਼ ਟਿੱਪੀ ਦੀ ਵਰਤੋਂ ਹੁੰਦੀ ਹੈ, ਜਿਵੇਂ - ਭੰਨ, ਸੰਘ, ਸਿੰਘ, ਪਿੰਨੀ, ਮੁੰਡਾ, ਝੁੰਡ, ਮੂੰਹ, ਬੂੰਦ ਆਦਿ।

**ਪ੍ਰਸ਼ਨ 10. ਊੜਾ ਅੱਖਰ ਨਾਲ਼ ਕਿਹੜੇ ਨਾਸਿਕੀ ਚਿੰਨ੍ਹ ਦੀ ਵਰਤੋਂ ਹੁੰਦੀ ਹੈ?**

**ਉੱਤਰ -** ਬਿੰਦੀ ਦੀ।

**ਪ੍ਰਸ਼ਨ 11. ਉਹ ਕਿਹੜਾ ਅੱਖਰ ਹੈ ਜਿਸ ਦੇ ਨਾਲ਼ ਹੋੜਾ ਲਗ ਲਾਉਣ ਲਈ ਉਸ ਅੱਖਰ ਦਾ ਮੂੰਹ ਖੁੱਲ੍ਹਾ ਕਰ ਦਿੱਤਾ ਜਾਂਦਾ ਹੈ?**

**ਉੱਤਰ -** ਊੜਾ।

**ਪ੍ਰਸ਼ਨ 12. ਅਧਕ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ?**

**ਉੱਤਰ -** ਇਹ ਦਬਾਅ ਜਾਂ ਬਲ ਦਾ ਚਿੰਨ੍ਹ ਹੈ। ਸ਼ਬਦ ਵਿੱਚ ਜੇ ਕਿਸੇ ਧੁਨੀ ਉੱਤੇ ਦਬਾਅ ਜਾਂ ਖ਼ਾਸ ਬਲ ਦੇਣਾ ਹੋਵੇ ਤਾਂ ਉਸ ਧੁਨੀ ਨੂੰ ਅੰਕਿਤ ਕਰਨ ਵਾਲ਼ੇ ਅੱਖਰ ਤੋਂ ਪਹਿਲੇ ਅੱਖਰ ਉੱਤੇ ਅਧਕ ਦਾ ਚਿੰਨ੍ਹ ਲਾਇਆ ਜਾਂਦਾ ਹੈ।

**ਪ੍ਰਸ਼ਨ 13. ਅਧਕ ਕਿਹੜੀਆਂ ਲਗਾਂ ਨਾਲ਼ ਆ ਸਕਦੀ ਹੈ?**

**ਉੱਤਰ -** ਅਧਕ ਦੀ ਵਰਤੋਂ ਕੇਵਲ ਮੁਕਤਾ, ਸਿਹਾਰੀ ਜਾਂ ਔਂਕੜ ਲਗਾਂ ਨਾਲ਼ ਕੀਤੀ ਜਾਂਦੀ ਹੈ, ਜਿਵੇਂ - ਵੱਟ, ਪਿੱਤ, ਕੁੱਤਾ, ਆਦਿ। ਕੁਝ ਅੰਗਰੇਜ਼ੀ ਸ਼ਬਦਾਂ ਨੂੰ ਗੁਰਮੁਖੀ ਵਿੱਚ ਲਿਖਣ ਲਈ ਦੁਲਾਵਾਂ ਲਗ ਨਾਲ਼ ਵੀ ਅਧਕ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ - ਪੈੱਨ, ਜੈੱਟ, ਸੈੱਟ ਆਦਿ।

**ਪ੍ਰਸ਼ਨ 14. ਮੁਕਤਾ ਲਗ ਤੋਂ ਕੀ ਭਾਵ ਹੈ?**

**ਉੱਤਰ -** ਮੁਕਤਾ ਸ੍ਵਰ-ਧੁਨੀ ਨੂੰ ਕਹਿੰਦੇ ਹਨ ਪਰ ਇਸ ਦਾ ਕੋਈ ਚਿੰਨ੍ਹ ਨਹੀਂ ਹੈ। ਪੰਜਾਬੀ ਲਿਖਣ ਵੇਲ਼ੇ ਜਿਹੜੇ ਅੱਖਰਾਂ ਨੂੰ ਕੋਈ ਲਗ ਨਹੀਂ ਲੱਗਦੀ, ਉਹਨਾਂ ਅੱਖਰਾਂ ਨੂੰ ਮੁਕਤਾ ਲਗ ਵਾਲ਼ੇ ਅੱਖਰ ਮੰਨਿਆ ਜਾਂਦਾ ਹੈ। ਅਜਿਹੇ ਅੱਖਰਾਂ ਵਿੱਚ 'ਅ' ਦੀ ਅਵਾਜ਼ ਸ਼ਾਮਲ ਸਮਝੀ ਜਾਂਦੀ ਹੈ, ਜਿਵੇਂ - ਘਰ, ਪੜ੍ਹ, ਸਰ, ਕਰ।

**ਪ੍ਰਸ਼ਨ 15. ਸੋਹਣਾ ਲਿਖਣ ਲਈ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

**ਉੱਤਰ -** ਗੁਰਮੁਖੀ ਦੇ ਸਾਰੇ ਅੱਖਰ, ਊੜਾ ਨੂੰ ਛੱਡ ਕੇ, ਲੰਬਾਈ ਅਤੇ ਚੁੜਾਈ ਵਿੱਚ ਇੱਕੋ-ਜਿਹੇ ਹਨ। ਇਸ ਲਈ ਸੁੰਦਰ ਲਿਖਤ ਵਿੱਚ ਸਾਰੇ ਅੱਖਰਾਂ ਦੇ ਆਕਾਰ ਨੂੰ ਇੱਕੋ-ਜਿਹਾ ਰੱਖਣਾ ਚਾਹੀਦਾ ਹੈ। ਅੱਖਰਾਂ ਨਾਲ਼ ਲੱਗੀਆਂ ਲਗਾਂ ਅਤੇ ਟਿੱਪੀ, ਅਧਕ ਆਦਿ ਚਿੰਨ੍ਹ ਅੱਖਰਾਂ ਦੇ ਖ਼ਾਸ ਅਨੁਪਾਤ ਵਿੱਚ ਹੋਣੇ ਚਾਹੀਦੇ ਹਨ। ਸੁੰਦਰ ਲਿਖਾਈ ਵਿੱਚ ਲਗਾਂ ਦੀ ਥਾਂ ਅਤੇ ਆਕਾਰ ਅੱਖਰਾਂ ਅਨੁਸਾਰ ਹੀ ਹੋਣੇ ਚਾਹੀਦੇ ਹਨ। ਭਾਵੇਂ ਹੱਥ ਨਾਲ਼ ਲਿਖੇ ਹੋਏ ਅੱਖਰ ਅਤੇ ਲਗਾਂ ਆਦਿ ਇੰਨ-ਬਿੰਨ ਛਾਪੇ ਦੇ ਅੱਖਰਾਂ ਅਤੇ ਲਗਾਂ ਜਿਹੇ ਨਹੀਂ ਬਣਦੇ ਤਾਂ ਵੀ ਇਹ ਕੋਸ਼ਸ਼ ਕੀਤੀ ਜਾਣੀ ਚਾਹੀਦੀ ਹੈ। ਸ਼ਬਦਾਂ ਵਿੱਚ ਅੱਖਰਾਂ ਦੀ ਅਤੇ ਵਾਕ ਵਿੱਚ ਸ਼ਬਦਾਂ ਦੀ ਆਪਸੀ ਵਿੱਥ ਸਮਾਨ ਹੋਣੀ ਚਾਹੀਦੀ ਹੈ। ਕਾਗ਼ਜ਼ ਉੱਤੇ ਹਾਸ਼ੀਆ ਛੱਡਣ, ਪੈਰਾ ਬਣਾਉਣ, ਵਿਸਰਾਮ-ਚਿੰਨ੍ਹਾਂ ਅਤੇ ਸ਼ਬਦ-ਜੋੜਾਂ ਬਾਰੇ ਸੁਚੇਤ ਰਹਿਣ ਨਾਲ਼ ਲਿਖਾਈ ਸੋਹਣੀ ਲੱਗਦੀ ਹੈ। ਸਮੁੱਚੇ ਤੌਰ 'ਤੇ ਲਿਖੇ ਹੋਏ ਅੱਖਰ ਨਾ ਤਾਂ ਏਨੇ ਬਰੀਕ ਹੋਣ ਕਿ ਪੜ੍ਹਨ ਵਿੱਚ ਔਖ ਹੋਵੇ ਅਤੇ ਨਾ ਹੀ ਏਨੇ ਵੱਡੇ ਕਿ ਭੱਦੇ ਲੱਗਣ।

**ਪ੍ਰਸ਼ਨ 16. ਕਿਸੇ ਅੱਖਰ ਨਾਲ਼ ਲਗਾਖਰ ਬਿੰਦੀ, ਟਿੱਪੀ ਅਤੇ ਅਧਕ ਲਾਉਣ ਜਾਂ ਨਾ ਲਾਉਣ ਨਾਲ਼ ਪੈਂਦੇ ਅਰਥ ਅੰਤਰ ਦੀਆਂ ਪੰਜ ਉਦਾਹਰਨਾਂ ਲਿਖੋ।**

**ਉੱਤਰ -** ਘਟ-ਘੱਟ, ਹਟ-ਹੱਟ, ਸਾਗ-ਸਾਂਗ, ਮਨ-ਮੰਨ, ਹੱਸ-ਹੰਸ, ਸੌਦਾ-ਸੌਂਦਾ, ਜੰਗ-ਜੱਗ।

**ਪ੍ਰਸ਼ਨ 17. ਲਗਾਂ-ਮਾਤਰਾ ਕੀ ਹੁੰਦੀਆਂ ਹਨ?**

**ਉੱਤਰ -** ਲਗਾਂ-ਮਾਤਰਾ ਸ੍ਵਰ ਦੇ ਚਿੰਨ੍ਹ ਹੁੰਦੇ ਹਨ। ਪੰਜਾਬੀ ਵਿੱਚ ਦਸ ਲਗਾਂ-ਮਾਤਰਾ ਹਨ- ਮੁਕਤਾ, ਕੰਨਾ, ਸਿਹਾਰੀ, ਬਿਹਾਰੀ, ਔਂਕੜ, ਦੁਲੈਂਕੜ, ਲਾਂ, ਦੁਲਾਵਾਂ, ਹੋੜਾ, ਅਤੇ ਕਨੌੜਾ।

**ਪ੍ਰਸ਼ਨ 18. ਲਗਾਖਰ ਕੀ ਹੁੰਦੇ ਹਨ?**

**ਉੱਤਰ -** ਗੁਰਮੁਖੀ ਲਿਪੀ ਵਿੱਚ ਲਗਾਂ ਦੇ ਨਾਲ਼ ਕੁਝ ਚਿੰਨ੍ਹ ਵਰਤੇ ਜਾਂਦੇ ਹਨ ਜਿਨ੍ਹਾਂ ਨੂੰ ਲਗਾਖਰ ਕਹਿੰਦੇ ਹਨ। ਪੰਜਾਬੀ ਵਿੱਚ ਤਿੰਨ ਲਗਾਖਰ ਹਨ- ਬਿੰਦੀ, ਟਿੱਪੀ ਅਤੇ ਅਧਕ।

**ਪ੍ਰਸ਼ਨ 19. ਵਰਨ ਜਾਂ ਅੱਖਰ ਕਿਸ ਨੂੰ ਆਖਦੇ ਹਨ?**

**ਉੱਤਰ -** ਮਨੁੱਖ ਦੇ ਮੂੰਹ ਵਿੱਚੋਂ ਨਿਕਲ਼ਦੀਆਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਕੁੱਝ ਚਿੰਨ੍ਹ ਮਿੱਥੇ ਗਏ ਹਨ, ਜਿਨ੍ਹਾਂ ਨੂੰ ਵਰਨ ਜਾਂ ਅੱਖਰ ਆਖਦੇ ਹਨ।

**ਪ੍ਰਸ਼ਨ 10. ਵਿਆਕਰਨ ਨਾਲ ਸੰਬੰਧਤ ਦੋ ਪ੍ਰਸ਼ਨਾਂ ਲਈ ਲੋੜੀਂਦੀ ਸਮੱਗਰੀ:** **ਅੰਕ-4**

## ਸ਼ਬਦ-ਭੇਦ

**1. ਨਾਂਵ -** ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਹਾਲਤ, ਗੁਣ, ਭਾਵ, ਕੰਮ ਆਦਿ ਲਈ ਵਰਤੇ ਜਾਣ ਵਾਲ਼ੇ ਸ਼ਬਦਾਂ ਨੂੰ ਨਾਂਵ ਕਿਹਾ ਜਾਂਦਾ ਹੈ, ਜਿਵੇਂ : ਸੁਰਜੀਤ ਸਿੰਘ, ਮੁੰਡਾ, ਕੁੜੀ, ਭਰਾ, ਮਾਂ, ਬਾਪ, ਪੁਲਿਸ, ਇੰਜਣ, ਦਿੱਲੀ, ਧੁੱਪ, ਛਾਂ, ਪਟਿਆਲਾ, ਬਠਿੰਡਾ, ਕਮਰਾ, ਗਊ, ਪੈੱਨ, ਅਰਦਾਸ, ਗ਼ਰੀਬੀ, ਉੱਦਮ, ਸੁਗੰਧ, ਪੰਜਾਬੀ, ਪੂਰਨਮਾਸੀ ਆਦਿ।

**2. ਪੜਨਾਂਵ -** ਉਹ ਸ਼ਬਦ ਜੋ ਨਾਂਵ-ਸ਼ਬਦਾਂ ਦੀ ਥਾਂ ਵਰਤੇ ਜਾਣ, ਪੜਨਾਂਵ ਕਹਾਉਂਦੇ ਹਨ, ਜਿਵੇਂ - ਮੈਂ, ਅਸੀਂ, ਤੂੰ, ਤੁਸੀਂ, ਇਹ, ਉਹ, ਆਪ ਆਦਿ।

**3. ਵਿਸ਼ੇਸ਼ਣ -** ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਨਾਲ਼ ਆ ਕੇ ਉਸ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ। ਇਸ ਵਿਸ਼ੇਸ਼ਤਾ ਰਾਹੀਂ ਉਹ ਨਾਂਵ/ਪੜਨਾਂਵ ਸ਼ਬਦਾਂ ਦੀ ਗਿਣਤੀ, ਮਿਣਤੀ, ਗੁਣ-ਔਗੁਣ, ਲੱਛਣ, ਰੰਗ, ਅਵਸਥਾ ਆਦਿ ਦਾ ਬੋਧ ਕਰਵਾ ਕੇ, ਉਹਨਾਂ ਨੂੰ ਆਮ ਤੋਂ ਖ਼ਾਸ ਬਣਾ ਦਿੰਦਾ ਹੈ। ਉਦਾਹਰਨ ਵਜੋਂ - **ਲਾਲ** ਪੱਗ, **ਨਵਾਂ** ਪੈੱਨ, **ਚਾਰ** ਕਾਪੀਆਂ, **ਭੋਲਾ** ਬੱਚਾ, **ਲੰਮਾ** ਗੱਭਰੂ, **ਥੋੜ੍ਹੇ** ਲੋਕ, **ਦਸਵਾਂ** ਹਿੱਸਾ, **ਚੋਖਾ** ਦੁੱਧ।

**4. ਕਿਰਿਆ -** ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦਾ ਹੋਣਾ ਜਾਂ ਕਰਨਾ ਪ੍ਰਗਟ ਹੋਵੇ, ਕਿਰਿਆ ਅਖਵਾਉਂਦਾ ਹੈ, ਜਿਵੇਂ - ਖਾ, ਪੀ, ਜਾ, ਲਿਖ, ਖੇਡਦੀ, ਪੜ੍ਹਦੀ ਆਦਿ।

**5. ਕਿਰਿਆ ਵਿਸ਼ੇਸ਼ਣ -** ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ, ਸਥਾਨ, ਕਾਰਨ, ਢੰਗ, ਤਰੀਕਾ ਆਦਿ ਦੱਸੇ ਉਸ ਨੂੰ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ। ਕਿਰਿਆ-ਵਿਸ਼ੇਸ਼ਣ ਕੰਮ ਦੀ ਵਿਸ਼ੇਸ਼ਤਾ ਹੈ। ਜਿਵੇਂ- 1. ਰਾਜੂ ਨੇ ਬੂਹਾ **ਹੌਲੀ ਜਿਹੀ** ਖੋਲ੍ਹਿਆ। 2. ਉਹ ਕਮਰੇ ਵਿੱਚ **ਕਾਹਲੀ** ਨਾਲ਼ ਗਿਆ। 3. ਸੀਤਾ ਬਹੁਤ **ਸੁਰੀਲਾ** ਗਾਉਂਦੀ ਹੈ।

**6. ਸੰਬੰਧਕ -** ਉਹ ਸ਼ਬਦ ਜੋ ਕਿਸੇ ਵਾਕ ਵਿੱਚ ਆਏ ਨਾਂਵ ਜਾਂ ਪੜਨਾਂਵ ਸ਼ਬਦਾਂ ਦੇ ਪਿੱਛੇ ਲੱਗ ਕੇ ਉਹਨਾਂ ਦਾ ਸੰਬੰਧ ਵਾਕ ਦੇ ਹੋਰ ਸ਼ਬਦਾਂ ਨਾਲ਼ ਜੋੜਨ , ਉਹਨਾਂ ਨੂੰ ਸੰਬੰਧਕ ਆਖਿਆ ਜਾਂਦਾ ਹੈ , ਜਿਵੇਂ - ਦਾ , ਦੇ , ਦੀ , ਨੇ , ਨੂੰ , ਤੋਂ , ਕੋਲ , ਉੱਤੇ ਆਦਿ।

(ੳ) ਉਹ ਕਾਰ **ਵਿੱਚ** ਬੈਠੇ ਹਨ ।

(ਅ) ਉਹ ਸਾਡੇ ਘਰ **ਦੇ** ਨੇੜੇ ਹੀ ਰਹਿੰਦਾ ਹੈ ।

(ੲ) ਉਹ ਕਾਰ **ਰਾਹੀਂ** ਚੰਡੀਗੜ੍ਹ ਗਿਆ ਹੈ।

(ਸ) ਉਹ ਸਾਡੇ ਸਾਮ੍ਹਣੇ **ਦੀ** ਲੰਘ ਗਿਆ।

**7. ਯੋਜਕ -** ਯੋਜਕ ਉਹਨਾਂ ਸ਼ਬਦਾਂ ਨੂੰ ਕਿਹਾ ਜਾਂਦਾ ਹੈ ਜਿਹੜੇ ਦੋ ਸ਼ਬਦਾਂ, ਵਾਕਾਂਸ਼ਾਂ, ਉਪਵਾਕਾਂ ਜਾਂ ਵਾਕਾਂ ਨੂੰ ਇੱਕ ਦੂਜੇ ਨਾਲ਼ ਜੋੜਦੇ ਹਨ, ਜਿਵੇਂ - ਅਤੇ, ਕਿ, ਕਿਉਂਕਿ, ਸਗੋਂ, ਪਰ ਆਦਿ। ਇਹ ਇੱਕ ਅਜਿਹੀ ਸ਼ਬਦ-ਸ਼੍ਰੇਣੀ ਹੈ ਜੋ ਵਿਆਕਰਨਿਕ ਇਕਾਈਆਂ ਨੂੰ ਇੱਕ ਨਵੀਂ ਇਕਾਈ ਵਿੱਚ ਬੰਨ੍ਹਣ ਦਾ ਕੰਮ ਕਰਦੀ ਹੈ।

**8. ਵਿਸਮਕ -** ਵਿਸਮਕ ਸ਼ਬਦ ਬੋਲਣ ਵਾਲ਼ੇ ਦੀ ਭਾਵਨਾਤਮਿਕ ਮਨੋਸਥਿਤੀ ਨੂੰ ਭਾਸ਼ਾਈ ਪੱਧਰ ਉੱਤੇ ਸਾਕਾਰ ਕਰਦੇ ਹਨ ਇਸ ਨੂੰ ਅਸੀਂ ਇੰਝ ਵੀ ਕਹਿ ਸਕਦੇ ਹਾਂ ਕਿ ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ ਆਦਿ ਭਾਵਾਂ ਦੇ ਪ੍ਰਗਟਾਵੇ ਲਈ ਸੁਭਾਵਿਕ ਹੀ ਮੂੰਹੋਂ ਨਿਕਲ਼ਿਆ ਸ਼ਬਦ ਵਿਸਮਕ ਅਖਵਾਉਂਦਾ ਹੈ। ਇਸ ਸ਼ਬਦ ਦੇ ਨਾਲ਼ ਵਿਸਮਕ-ਚਿੰਨ੍ਹ ( ! ) ਵਰਤਿਆ ਜਾਂਦਾ ਹੈ। ਜਿਵੇਂ - ਬੱਲੇ ਓਏ!, ਸ਼ਾਬਾਸ਼!, ਹਾਏ!, ਅਫ਼ਸੋਸ!, ਖ਼ਬਰਦਾਰ ਆਦਿ।

**ਪ੍ਰਸ਼ਨ 11. ਵਾਕ ਵਿੱਚੋਂ ਨਾਂਵ ਤੇ ਪੜਨਾਂਵ ਸ਼ਬਦਾਂ ਦੇ ਲਿੰਗ ਅਤੇ ਵਚਨ ਬਦਲਣ ਲਈ ਲੋੜੀਂਦੀ ਸਮੱਗਰੀ: ਅੰਕ-2**

**ਲਿੰਗ** - ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲੱਗਦਾ ਹੈ, ਵਿਆਕਰਨ ਵਿੱਚ ਉਸ ਨੂੰ ਲਿੰਗ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਦੋ ਪ੍ਰਕਾਰ ਦੇ ਲਿੰਗ ਸ਼ਬਦ ਹਨ - ਪੁਲਿੰਗ ਅਤੇ ਇਸਤਰੀ ਲਿੰਗ।

**ਵਚਨ** - ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦਾ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਹੋਣ ਦੇ ਫ਼ਰਕ ਦਾ ਪਤਾ ਲੱਗੇ, ਉਸ ਨੂੰ ਵਚਨ ਆਖਦੇ ਹਨ। ਪੰਜਾਬੀ ਭਾਸ਼ਾ ਵਿੱਚ ਵਚਨ ਦੋ ਪ੍ਰਕਾਰ ਦੇ ਹਨ - ਇੱਕਵਚਨ ਅਤੇ ਬਹੁਵਚਨ।

**ਪ੍ਰਸ਼ਨ 12. ਵਿਆਕਰਨ ਨਾਲ ਸੰਬੰਧਤ ਪ੍ਰਸ਼ਨ ਲਈ ਲੋੜੀਂਦੀ ਸਮੱਗਰੀ : ਅੰਕ-2**

**I. ਕਾਲ ਕੀ ਹੁੰਦਾ ਹੈ?**

**ਉੱਤਰ** - ਕਾਲ ਅਰਥ ਹੈ 'ਸਮਾਂ'। ਸਮੇਂ ਦੇ ਭੇਦ ਕਰਕੇ ਕਿਰਿਆ ਜੋ ਵੱਖ-ਵੱਖ ਰੂਪ ਧਾਰਦੀ ਹੈ, ਵਿਆਕਰਨ ਵਿੱਚ ਉਨ੍ਹਾਂ ਨੂੰ ਕਿਰਿਆ ਦੇ ਕਾਲ ਕਿਹਾ ਜਾਂਦਾ ਹੈ।

**II. ਕਾਲ ਦੀਆਂ ਕਿਸਮਾਂ ਲਿਖੋ।**

**ਉੱਤਰ** - ਕਾਲ ਤਿੰਨ ਪ੍ਰਕਾਰ ਦੇ ਹੁੰਦੇ ਹਨ -

**(ੳ) ਵਰਤਮਾਨ-ਕਾਲ** - ਜਦੋਂ ਕਿਰਿਆ ਦਾ ਕੰਮ ਹੁਣ ਦੇ ਸਮੇਂ ਵਿੱਚ ਹੋਵੇ, ਤਾਂ ਉਸ ਨੂੰ ਵਰਤਮਾਨ-ਕਾਲ ਕਿਹਾ ਜਾਂਦਾ ਹੈ।
ਜਿਵੇਂ - ਰਮਨ ਖੇਡਦਾ ਹੈ।

**(ਅ) ਭੂਤ-ਕਾਲ** - ਜਦੋਂ ਕਿਰਿਆ ਦਾ ਕੰਮ ਬੀਤ ਗਏ ਸਮੇਂ ਵਿੱਚ ਹੋਇਆ ਹੋਵੇ, ਉਸ ਸਮੇਂ ਨੂੰ ਭੂਤ-ਕਾਲ ਕਿਹਾ ਜਾਂਦਾ ਹੈ।
ਜਿਵੇਂ - ਰਮਨ ਖੇਡਦਾ ਸੀ।

**(ੲ) ਭਵਿਖਤ-ਕਾਲ** - ਜਦੋਂ ਕਿਰਿਆ ਦਾ ਕੰਮ ਆਉਣ ਵਾਲ਼ੇ ਸਮੇਂ ਵਿੱਚ ਹੋਣਾ ਹੋਵੇ, ਉਸ ਸਮੇਂ ਨੂੰ ਭਵਿਖਤ-ਕਾਲ ਆਖਿਆ ਜਾਂਦਾ ਹੈ।

# GIVE YOUR BEST

*Mission 100%*


**ਸਹਿਯੋਗ ਕਰਤਾ**

ਗੁਰਦੀਪ ਸਿੰਘ (ਪੰਜਾਬੀ ਅਧਿਆਪਕ),ਸ੍ਰੀ ਮੁਕਤਸਰ ਸਾਹਿਬ

ਗੁਰਨਾਮ ਸਿੰਘ (ਪੰਜਾਬੀ ਅਧਿਆਪਕ), ਸ੍ਰੀ ਮੁਕਤਸਰ ਸਾਹਿਬ

ਗੁਰਪ੍ਰੀਤ ਸਿੰਘ ਰੂਪਰਾ (ਪੰਜਾਬੀ ਅਧਿਆਪਕ), ਫ਼ਰੀਦਕੋਟ

ਸੁਰਿੰਦਰ ਮੋਹਨ (ਪੰਜਾਬੀ ਅਧਿਆਪਕ), ਗੁਰਦਾਸਪੁਰ